ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 96 | Tuesday, May 17, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਜੀਟੀਏ ਵਿੱਚ ਗੈਸ ਦੀਆਂ ਕੀਮਤਾਂ ਛੇ ਸੈਂਟ ਪ੍ਰਤੀ ਲੀਟਰ ਹੋਰ ਵਧੀਆਂ



ਟੋਰਾਂਟੋ, 16 ਮਈ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਵਿੱਚ ਗੈਸ ਦੀਆਂ ਕੀਮਤਾਂ ਇੱਕ ਵਾਰੀ ਫਿਰ ਰਾਤੋ ਰਾਤ ਛੇ ਸੈਂਟ ਪ੍ਰਤੀ ਲੀਟਰ ਤੱਕ ਵੱਧ ਗਈਆਂ।

ਅੱਧੀ ਰਾਤ ਨੂੰ ਜੀਟੀਏ ਵਿੱਚ ਪ੍ਰਤੀ ਲੀਟਰ ਦੇ ਹਿਸਾਬ ਨਾਲ ਗੈਸ ਦੀਆਂ ਕੀਮਤਾਂ ਵਿੱਚ ਛੇ ਸੈਂਟਾਂ ਦਾ ਜਿਹੜਾ ਵਾਧਾ ਕੀਤਾ ਗਿਆ ਉਸ ਕਾਰਨ ਹੁਣ ਇੱਥੇ ਪ੍ਰਤੀ ਲੀਟਰ ਗੈਸ ਦੀ ਕੀਮਤ 208.9 ਡਾਲਰ ਹੈ। ਇਹ ਖੁਲਾਸਾ ਕੈਨੇਡੀਅਨਜ਼ ਫੌਰ ਅਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਡੈਨ ਮੈਕਟੀਗ ਨੇ ਕੀਤਾ। ਇਸ ਤਾਜ਼ਾ ਉਛਾਲ ਤੋਂ ਭਾਵ ਹੈ ਕਿ ਗੈਸ ਦੀਆਂ ਕੀਮਤਾਂ ਵਿੱਚ ਸ਼ੁੱਕਰਵਾਰ ਤੋਂ ਲੈ ਕੇ ਹੁਣ ਤੱਕ 11 ਸੈਂਟ ਪ੍ਰਤੀ ਲੀਟਰ ਦਾ ਵਾਧਾ ਹੋ ਚੁੱਕਿਆ ਹੈ। ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਗਏ ਹਮਲੇ ਕਾਰਨ ਸਪਲਾਈ ਵਿੱਚ ਆਈ ਕਮੀ ਕਰਕੇ ਨੇੜ ਭਵਿੱਖ ਵਿੱਚ ਇਨ੍ਹਾਂ ਕੀਮਤਾਂ ਵਿੱਚ ਕੋਈ ਰਿਆਇਤ ਮਿਲਦੀ ਵੀ ਨਜ਼ਰ ਨਹੀਂ ਆ ਰਹੀ।

ਪਿਛਲੇ ਹਫਤੇ ਮੈਕਟੀਗ ਨੇ ਆਖਿਆ ਸੀ ਕਿ ਗੈਸ ਦੀਆਂ ਕੀਮਤਾਂ ਪਿਛਲੀ ਮਈ ਤੋਂ ਹੁਣ ਤੱਕ 60 ਫੀ ਸਦੀ ਤੱਕ ਵੱਧ ਚੁੱਕੀਆਂ ਹਨ। ਉਸ ਸਮੇਂ ਡਰਾਈਵਰਾਂ ਨੂੰ ਪ੍ਰਤੀ ਲੀਟਰ 1.30 ਡਾਲਰ ਖਰਚਣੇ ਪੈ ਰਹੇ ਸਨ।

## ਬਹਿਸ ਦੌਰਾਨ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਫੋਰਡ ਨੂੰ ਸਿਹਤ, ਸਿੱਖਿਆ ਸਬੰਧੀ ਮੁੱਦਿਆਂ ਉੱਤੇ ਘੇਰਿਆ



ਓਨਟਾਰੀਓ, 16 ਮਈ (ਪੋਸਟ ਬਿਊਰੋ) : ਸੋਮਵਾਰ ਨੂੰ ਓਨਟਾਰੀਓ ਵਿੱਚ ਪ੍ਰੋਵਿੰਸ਼ੀਅਲ ਚੋਣਾਂ ਸਬੰਧੀ ਹੋਈ ਬਹਿਸ ਵਿੱਚ ਤਿੰਨਾਂ ਵੱਡੀਆਂ ਪਾਰਟੀਆਂ ਦੇ ਆਗੂਆਂ ਨੇ ਪ੍ਰੋਗਰੈਸਿਵ ਕੰਜ਼ਰਵੇਟਿਵ ਆਗੂ ਡੱਗ ਫੋਰਡ ਉੱਤੇ ਤਿੱਖੇ ਹਮਲੇ ਕੀਤੇ। ਪਰ ਫੋਰਡ ਨੇ ਇਨ੍ਹਾਂ ਹਮਲਿਆਂ ਦਾ ਮੋੜਵਾਂ ਜਵਾਬ ਦੇਣ ਦੀ ਥਾਂ ਇਨਫਰਾਸਟ੍ਰਕਚਰ ਤੇ ਕਿਫਾਇਤੀਪਨ ਸਬੰਧੀ ਆਪਣਾ ਸੁਨੇਹਾ ਦਿੱਤਾ।

ਗ੍ਰੀਨ ਪਾਰਟੀ ਆਗੂ ਮਾਈਕ ਸ਼ਰੇਨਰ ਵੱਲੋਂ ਫੋਰਡ ਉੱਤੇ ਵਾਰ ਕਰਦਿਆਂ ਆਖਿਆ ਗਿਆ ਕਿ ਪ੍ਰੀਮੀਅਰ ਵਜੋਂ ਟੋਰੀ ਆਗੂ ਨੇ ਨਰਸਾਂ ਦਾ ਅਪਮਾਨ ਕੀਤਾ ਹੈ ਤੇ ਪਬਲਿਕ ਸੈਕਟਰ ਦੇ ਵਰਕਰਜ਼ ਲਈ ਮੁਆਵਜ਼ੇ ਵਿੱਚ ਕੀਤੇ ਜਾਣ ਵਾਲੇ ਵਾਧੇ ਉੱਤੇ ਵੀ ਰੋਕ ਲਾਈ ਹੈ। ਉਨ੍ਹਾਂ ਆਖਿਆ ਕਿ ਇੱਕ ਪਾਸੇ ਤਾਂ ਫੋਰਡ ਇਨ੍ਹਾਂ ਨਰਸਾਂ ਨੂੰ ਹੀਰੋ ਦਾ ਦਰਜਾ ਦੇ ਰਹੇ ਹਨ ਤੇ ਦੂਜੇ ਪਾਸੇ ਉਨ੍ਹਾਂ ਦੇ ਭੱਤਿਆਂ ਵਿੱਚ ਕਟੌਤੀ ਵੀ ਕੀਤੀ ਜਾ ਰਹੀ ਹੈ।

ਸ਼ਰੇਨਰ ਨੇ ਫੋਰਡ ਉੱਤੇ ਹੋਰ ਵਾਰ ਕਰਦਿਆਂ ਆਖਿਆ ਕਿ ਮਹਾਂਮਾਰੀ ਦੌਰਾਨ ਫੋਰਡ ਵੱਲੋਂ ਲਾਂਗ ਟਰਮ ਕੇਅਰ ਦੇ ਮਸਲੇ ਨਾਲ ਜਿਸ ਤਰ੍ਹਾਂ ਸਿੱਝਿਆ ਗਿਆ ਉਹ ਬਿਲਕੁਲ ਗਲਤ ਸੀ। ਇਸ ਉੱਤੇ ਫੋਰਡ ਨੇ ਆਖਿਆ ਕਿ ਉਹ ਹਸਪਤਾਲਾਂ ਦਾ ਨਿਰਮਾਣ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਜਦੋਂ ਅਸੀਂ ਸੱਤਾ ਸਾਂਭੀ ਸੀ ਤਾਂ ਸਾਡਾ ਹੈਲਥ ਕੇਅਰ ਸਿਸਟਮ ਲੀਹ ਤੋਂ ਲੱਥਿਆ ਹੋਇਆ ਸੀ ਪਰ ਹੁਣ ਪ੍ਰੋਵਿੰਸ ਦੇ ਹਰੇਕ ਰੀਜਨ ਵਿੱਚ ਨਵਾਂ ਹਸਪਤਾਲ ਤਿਆਰ ਕਰਵਾਇਆ ਜਾ ਰਿਹਾ ਹੈ ਤੇ ਇਸ ਸਮੇਂ ਅਜਿਹੇ 50 ਪ੍ਰੋਜੈਕਟ ਚੱਲ ਰਹੇ ਹਨ।

ਉਨ੍ਹਾਂ ਆਖਿਆ ਕਿ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਨੇ ਇਹ ਐਲਾਨ ਕੀਤਾ ਸੀ ਕਿ ਉਹ ਨਰਸਾਂ ਦੀ ਟਿਊਸ਼ਨ ਫੀਸ ਨੂੰ ਫੰਡ ਕਰਨਗੇ ਜੇ ਉਹ ਅਜਿਹੀਆਂ ਥਾਂਵਾਂ ਉੱਤੇ ਕੰਮ ਕਰਨਗੀਆਂ ਜਿੱਥੇ ਸੇਵਾਵਾਂ ਦੀ ਘਾਟ ਹੈ। ਇਸ ਤੋਂ ਇਲਾਵਾ ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਪਰਸਨਲ ਸਪੋਰਟ ਵਰਕਰ ਲਈ 3 ਡਾਲਰ ਪ੍ਰਤੀ ਘੰਟੇ ਦਾ ਵਾਧਾ ਕੀਤਾ ਗਿਆ ਤੇ ਇਸ ਤੋਂ ਇਲਾਵਾ ਨਰਸਾਂ ਨੂੰ ਰਿਟੈਂਸ਼ਨ ਪੇਅ ਬੋਨਸ ਵਜੋਂ 5000 ਡਾਲਰ ਵੀ ਦਿੱਤੇ ਜਾ ਰਹੇ ਹਨ।

## ਪੌਲੀਏਵਰ ਨੇ ਵ੍ਹਾਈਟ ਰਿਪਲੇਸਮੈਂਟ ਥਿਊਰੀ ਦੀ ਕੀਤੀ ਨਿਖੇਧੀ



ਓਟਵਾ, 16 ਮਈ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਦੌੜ ਦੇ ਮੁੱਖ ਦਾਅਵੇਦਾਰ ਪਿਏਰ ਪੌਲੀਏਵਰ ਨੇ ਸੋਮਵਾਰ ਨੂੰ ਵ੍ਹਾਈਟ ਰਿਪਲੇਸਮੈਂਟ ਥਿਊਰੀ ਦੀ ਨਿਖੇਧੀ ਕਰਦਿਆਂ ਇਸ ਨੂੰ ਘ੍ਰਿਣਾਤਮਕ ਤੇ ਨਫਰਤ ਦੀ ਜੜ੍ਹ ਦੱਸਿਆ। ਇਹ ਮੰਨਿਆ ਜਾ ਰਿਹਾ ਹੈ ਕਿ ਬਫਲੋ ਵਿੱਚ ਹੋਏ ਕਤਲੇਆਮ ਪਿੱਛੇ ਇਹੋ ਥਿਊਰੀ ਕੰਮ ਕਰ ਰਹੀ ਸੀ।

ਲੰਮੇਂ ਸਮੇਂ ਤੋਂ ਓਟਵਾ ਤੋਂ ਐਮਪੀ ਚੱਲੇ ਆ ਰਹੇ ਪੌਲੀਏਵਰ, ਜਿਨ੍ਹਾਂ ਦੀ ਦੇਸ਼ ਭਰ ਵਿੱਚ ਕੈਂਪੇਨਿੰਗ ਦੌਰਾਨ ਵੱਡੀ ਗਿਣਤੀ ਲੋਕ ਢੁਕ ਰਹੇ ਹਨ, ਨੇ ਬਫਲੋ ਵਿੱਚ ਹੋਏ ਹਮਲੇ ਦੀ ਨਿਖੇਧੀ ਕੀਤੀ। ਇਸ ਹਮਲੇ ਵਿੱਚ ਇੱਕ ਗੋਰੇ ਲੜਕੇ ਨੇ ਬਲੈਕ ਲੋਕਾਂ ਦੀ ਬਹੁਤਾਤ ਵਾਲੇ ਇਲਾਕੇ ਨੂੰ ਨਿਸ਼ਾਨਾ ਬਣਾਇਆ ਤੇ 10 ਲੋਕਾਂ ਦੀ ਜਾਨ ਲੈ ਲਈ ਤੇ ਤਿੰਨ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਅਮਰੀਕਾ ਦੀ ਪੁਲਿਸ ਇਸ ਹਮਲਾਵਰ ਦੀਆਂ ਆਨਲਾਈਨ ਪੋਸਟਸ ਦੀ ਜਾਂਚ ਕਰ ਰਹੀ ਹੈ।

ਆਪਣੇ ਨਾਲ ਦੇ ਲੀਡਰਸ਼ਿਪ ਉਮੀਦਵਾਰ ਪੈਟ੍ਰਿਕ ਬ੍ਰਾਊਨ ਵੱਲੋਂ ਇਹ ਦੋਸ਼ ਲਾਏ ਜਾਣ ਉੱਤੇ ਕਿ ਫਰੀਡਮ ਕੌਨਵੌਏ ਦੇ ਆਗੂ ਪੈਟ ਕਿੰਗ ਦਾ ਪੌਲੀਏਵਰ ਸਮੇਤ ਕਈ ਹੋਰਨਾਂ ਕੰਜ਼ਰਵੇਟਿਵ ਐਮਪੀਜ਼ ਵੱਲੋਂ ਸਮਰਥਨ ਕੀਤਾ ਗਿਆ, ਪੌਲੀਏਵਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਸ਼ਾਂਤੀ ਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਟਰੱਕਰਜ਼ ਦਾ ਸਮਰਥਨ ਕੀਤਾ ਗਿਆ ਸੀ ਜਿਹੜੇ ਆਪਣੀ ਰੋਜ਼ੀ ਰੋਟੀ ਤੇ ਆਜ਼ਾਦੀ ਲਈ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਸਨ। ਪੌਲੀਏਵਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਕਾਨੂੰਨ ਤੋੜਨ ਵਾਲਿਆਂ ਤੇ ਇਨਫਰਾਸਟ੍ਰਕਚਰ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੀ ਨਿਖੇਧੀ ਵੀ ਕੀਤੀ ਗਈ ਸੀ। ਉਨ੍ਹਾਂ ਨੇ ਪੈਟ ਕਿੰਗ ਤੇ ਉਸ ਦੇ ਗਲਤ ਬਿਆਨਾਂ ਦੀ ਨਿਖੇਧੀ ਵੀ ਕੀਤੀ ਸੀ।

ਇਸ ਦੌਰਾਨ ਕੰਜ਼ਰਵੇਟਿਵਾਂ ਦੀ ਅੰਤਰਿਮ ਆਗੂ ਕੈਂਡਿਸ ਬਰਜਨ ਨੇ ਸੋਮਵਾਰ ਨੂੰ ਬਿਆਨ ਜਾਰੀ ਕਰਕੇ ਨਸਲਵਾਦ ਨੂੰ ਨਫਰਤ ਫੈਲਾਉਣ ਵਾਲਾ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਵ੍ਹਾਈਟ ਰਿਪਲੇਸਮੈਂਟ ਕਾਂਸਪੀਰੇਸੀ ਥਿਊਰੀ ਨਸਲਵਾਦੀ ਲੋਕਾਂ ਵੱਲੋਂ ਫੈਲਾਈ ਜਾ ਰਹੀ ਹੈ ਤੇ ਕੰਜ਼ਰਵੇਟਿਵਾਂ ਵੱਲੋਂ ਇੱਕਸੁਰ ਵਿੱਚ ਇਸ ਦੀ ਨਿਖੇਧੀ ਕੀਤੀ ਜਾਂਦੀ ਹੈ। ਬਰਜਨ ਨੇ ਇਹ ਵੀ ਆਖਿਆ ਕਿ ਕੈਨੇਡੀਅਨਜ਼ ਨੂੰ ਮੁਜ਼ਾਹਰਾ ਕਰਨ ਦਾ ਪੂਰਾ ਅਧਿਕਾਰ ਹੈ ਪਰ ਗੈਰਕਾਨੂੰਨੀ ਬਲਾਕਿੰਗ ਜਾਂ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਤੇ ਨਫਰਤ ਨਾਲ ਭਰੀਆਂ ਤਕਰੀਰਾਂ ਕਰਨਾ ਇਸ ਵਿੱਚ ਸ਼ਾਮਲ ਨਹੀਂ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor 416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

NOW HIRING !!! ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272 www.allkindinsurance.com

SAMSUNG BUY 2 OR MORE APPLIANCES
OURR HOME & APPLIANCES
EXCLUSIVE NO TAX EVENT FROM MAY 13TH - 30TH
PRICE $5299
Premium Package
DEAL TILL STOCK LAST
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
Home
Business
Life Insurance
Auto
Trucking
Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213 www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਦੋ ਗੱਡੀਆਂ ਦੀ ਟੱਕਰ ਵਿੱਚ ਮਹਿਲਾ ਜ਼ਖ਼ਮੀ



ਬਰੈਂਪਟਨ, 16 ਮਈ (ਪੋਸਟ ਬਿਊਰੋ) : ਐਤਵਾਰ ਦੇਰ ਰਾਤ ਨੂੰ ਬਰੈਂਪਟਨ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਇਹ ਜਾਣਕਾਰੀ ਲੋਕਲ ਪੁਲਿਸ ਨੇ ਦਿੱਤੀ।

ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਐਤਵਾਰ ਨੂੰ ਰਾਤੀਂ 11:19 ਵਜੇ ਸਟੀਲਜ਼ ਐਵਨਿਊ ਵੈਸਟ ਤੇ ਹੈਰੀਟੇਜ ਰੋਡ ਦੇ ਕਿਨਾਰੇ ਉੱਤੇ ਵਾਪਰੀ ਇਸ ਘਟਨਾ ਤੋਂ ਬਾਅਦ ਪੀਲ ਰੀਜਨਲ ਪੁਲਿਸ ਨੂੰ ਸੱਦਿਆ ਗਿਆ। ਹਾਦਸਾ ਸੇਡਾਨ ਤੇ ਜੀਪ ਦਰਮਿਆਨ ਹੋਈ ਟੱਕਰ ਕਾਰਨ ਵਾਪਰਿਆ।

ਲਾਂਘੇ ਨੂੰ ਬੰਦ ਕੀਤੇ ਜਾਣ ਤੋਂ ਬਾਅਦ ਸੋਮਵਾਰ ਨੂੰ ਸਵੇਰੇ 5:00 ਵਜੇ ਟਰੈਫਿਕ ਮੁੜ ਸ਼ੁਰੂ ਕਰ ਦਿੱਤਾ ਗਿਆ। ਜਾਂਚਕਾਰ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਹਾਦਸਾ ਕਿਸ ਕਾਰਨ ਵਾਪਰਿਆ।

# ਇਟੋਬੀਕੋ ਵਿੱਚ ਹੋਈ ਕਾਰਜੈਕਿੰਗ, ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ




ਟੋਰਾਂਟੋ, 16 ਮਈ (ਪੋਸਟ ਬਿਊਰੋ) : ਇਟੋਬੀਕੋ ਵਿੱਚ ਸੋਮਵਾਰ ਰਾਤ ਨੂੰ ਹੋਈ ਕਾਰਜੈਕਿੰਗ ਦੀ ਟੋਰਾਂਟੋ ਪੁਲਿਸ ਜਾਂਚ ਕਰ ਰਹੀ ਹੈ। ਪੁਲਿਸ ਵੱਲੋਂ ਮਸ਼ਕੂਕਾਂ ਦੀ ਭਾਲ ਵੀ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਸੋਮਵਾਰ ਰਾਤੀਂ 7:45 ਉੱਤੇ ਕੁਈਨਜ਼ਵੇਅ ਤੇ ਇਸਲਿੰਗਟਨ ਐਵਨਿਊ ਏਰੀਆ ਵਿੱਚ ਇੱਕ ਵਿਅਕਤੀ ਤੋਂ ਉਸ ਦੀ ਕਾਲੀ ਰੇਂਜ ਰੋਵਰ ਕਾਰ ਖੋਹ ਲਈ ਗਈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਹ ਤਿੰਨ ਵਿਅਕਤੀਆਂ ਦੀ ਭਾਲ ਕਰ ਰਹੀ ਹੈ ਜਿਹੜੇ ਮੌਕੇ ਤੋਂ ਗੱਡੀ ਲੈ ਕੇ ਫਰਾਰ ਹੋਏ। ਪੁਲਿਸ ਨੇ ਦੱਸਿਆ ਕਿ ਤਿੰਨਾਂ ਵਿੱਚੋਂ ਦੋ ਕੋਲ ਹੈਂਡਗੰਨਜ਼ ਸਨ ਤੇ ਇੱਕ ਕੋਲ ਚਾਕੂ ਸੀ।ਪੁਲਿਸ ਨੇ ਦੱਸਿਆ ਕਿ ਉਹ ਇਲਾਕੇ ਵਿੱਚ ਮਸ਼ਕੂਕਾਂ ਦੀ ਭਾਲ ਕਰ ਰਹੇ ਹਨ। ਅਜੇ ਤੱਕ ਨਾ ਤਾਂ ਮਸ਼ਕੂਕਾਂ ਦਾ ਕੋਈ ਵੇਰਵਾ ਹਾਸਲ ਹੈ ਤੇ ਨਾ ਹੀ ਕਿਸੇ ਦੇ ਜ਼ਖ਼ਮੀ ਹੋਣ ਦੀ ਹੀ ਖਬਰ ਹੈ।


# ਟਰਾਂਸਪੋਰਟ ਟਰੱਕ ਹਾਦਸਾਗ੍ਰਸਤ ਹੋਣ ਕਾਰਨ ਫਿਊਲ ਸੜਕ ਉੱਤੇ ਖਿੱਲਰਿਆ



ਮਿਲਟਨ, 16 ਮਈ (ਪੋਸਟ ਬਿਊਰੋ) : ਮਿਲਟਨ ਵਿੱਚ ਇੱਕ ਟਰਾਂਸਪੋਰਟ ਟਰੱਕ ਨੂੰ ਪੇਸ਼ ਆਏ ਹਾਦਸੇ ਕਾਰਨ ਸੜਕ ਉੱਤੇ ਤੇਲ ਫੈਲ ਜਾਣ ਕਰਕੇ ਜੀਟੀਏ ਦੇ ਪੱਛਮ ਵਿੱਚ ਆਵਾਜਾਈ ਵਿੱਚ ਕਾਫੀ ਵਿਘਣ ਪਿਆ।

ਤੜਕੇ 3:30 ਦੇ ਨੇੜੇ ਤੇੜੇ ਜੇਮਜ਼ ਸਨੋਅ ਪਾਰਕਵੇਅ ਤੋਂ ਪਹਿਲਾਂ ਹਾਈਵੇਅ 401 ਉੱਤੇ ਪੂਰਬ ਵਾਲੀਆਂ ਲੇਨਜ਼ ਉੱਤੇ ਇਹ ਹਾਦਸਾ ਵਾਪਰਿਆ। ਐਮਟੀਓ ਨੇ ਦੱਸਿਆ ਕਿ ਟਰਾਂਸਪੋਰਟ ਟਰੱਕ ਵਿੱਚੋਂ ਫਿਊਲ ਲੀਕ ਹੋ ਕੇ ਸਾਰੀ ਸੜਕ ਉੱਤੇ ਖਿੱਲਰ ਗਿਆ ਤੇ ਇਸ ਨਾਲ ਗਾਰਡ ਰੇਲ ਨੂੰ ਵੀ ਕਾਫੀ ਨੁਕਸਾਨ ਪਹੁੰਚਿਆ। ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਪੂਰਬ ਵਾਲੀਆਂ ਦੋ ਲੇਨਜ਼ ਨੂੰ ਬੰਦ ਕੀਤਾ ਗਿਆ ਹੈ ਤੇ ਸਿਰਫ ਇੱਕ ਲੇਨ ਤੋਂ ਹੀ ਟ੍ਰੈਫਿਕ ਚਲਾਇਆ ਜਾ ਰਿਹਾ ਹੈ।

# ਮਰੀਅਮ ਨਵਾਜ਼ ਵੱਲੋਂ ਦਾਅਵਾ: ਪਾਕਿ ਚੋਣਾਂ ਦੀ ਅਗਲੀ ਤਰੀਕ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਤੈਅ ਕਰਨਗੇ



ਲਾਹੌਰ, 16 ਮਈ, (ਪੋਸਟ ਬਿਊਰੋ)- ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਐੱਨ) ਦੀ ਉਪ ਪ੍ਰਧਾਨ ਮਰੀਅਮ ਨਵਾਜ਼ ਨੇ ਆਖਿਆ ਹੈ ਕਿ ਦੇਸ਼ ਵਿੱਚ ਅਗਲੀਆਂ ਆਮ ਚੋਣਾਂ ਕਦੋਂ ਹੋਣਗੀਆਂ, ਇਸ ਦਾ ਫੈਸਲਾ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਕਰਨਗੇ। ਇਹ ਹੀ ਨਹੀਂ, ਮਰੀਅਮ ਨਵਾਜ਼ ਨੇ ਤਹਿਰੀਕ-ਏ-ਇਨਸਾਫ ਪਾਰਟੀ (ਪੀਟੀਆਈ) ਉੱਤੇ ਨਿਸ਼ਾਨਾ ਸਾਧਦੇ ਹੋਏਕਿਹਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਆਪਣੇ ਰਾਜ ਦੌਰਾਨ ਸਭ ਤੋਂ ਖਰਾਬ ਕਾਰਗੁਜ਼ਾਰੀ ਦੇ ਕਾਰਨ ਇਸ ਵਾਰੀ ਚੋਣਾਂ ਵਿੱਚਆਮ ਲੋਕਾਂ ਦਾ ਸਾਹਮਣਾ ਹੀ ਨਹੀਂ ਕਰ ਸਕਣਗੇ।

ਪੀਐਮਐਲ-ਐਨ ਦੀ ਉਪ ਪ੍ਰਧਾਨ ਮਰੀਅਮ ਨਵਾਜ਼ ਨੇ ਪਾਕਿਸਤਾਨ ਦੀ ਵਿਗੜਦੀ ਆਰਥਿਕ ਹਾਲਤ ਲਈ ਪੀਟੀਆਈ ਆਗੂਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਆਲੋਚਨਾ ਕੀਤੀ ਹੈ।ਵਰਨਣ ਯੋਗ ਹੈ ਕਿ ਪਾਕਿਸਤਾਨ ਇਸ ਸਮੇਂ ਆਪਣੇ ਸਭ ਤੋਂ ਬੁਰੇ ਦੌਰਤੋਂ ਗੁਜ਼ਰ ਰਿਹਾ ਹੈ। ਆਰਥਿਕ ਮੰਦਹਾਲੀ ਕਾਰਨ ਲੋਕਾਂ ਦਾ ਰੋਜ਼ਾਨਾ ਜੀਵਨ ਇੱਕ ਸੰਘਰਸ਼ ਬਣ ਗਿਆ ਹੈ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਉੱਤੇ ਸਵਾਲ ਉੱਠ ਰਹੇ ਹਨ।

ਅਖਬਾਰ 'ਦ ਡਾਨ' ਦੀ ਰਿਪੋਰਟ ਦੇ ਮੁਤਾਬਕ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਉੱਤੇਪਾਕਿਸਤਾਨ ਦੀ ਆਰਥਿਕ ਹਾਲਤ ਲਈ ਬਾਰੂਦੀ ਸੁਰੰਗ ਵਿਛਾਉਣ ਦਾ ਦੋਸ਼ ਲਾਉਂਦੇ ਹੋਏ ਮਰੀਅਮ ਨਵਾਜ਼ ਨੇ ਕਿਹਾ ਕਿ ਇਮਰਾਨ ਖਾਨ ਆਪਣੇ ਦੇ ਖਰਾਬ ਪ੍ਰਦਰਸ਼ਨ ਪਿੱਛੋਂ ਜਵਾਬਦੇਹੀ ਤੋਂ ਬਚਣ ਦੇ ਯਤਨ ਕਰ ਰਹੇ ਹਨ।ਪਾਕਿਸਤਾਨੀ ਪੰਜਾਬ ਦੇ ਗੁਜਰਾਤ ਜ਼ਿਲੇਵਿੱਚਇੱਕ ਰੈਲੀ ਵਿੱਚ ਬੋਲਦਿਆਂ ਮਰੀਅਮ ਨਵਾਜ਼ ਨੇ ਕਿਹਾ, 'ਪੀਟੀਆਈ ਦੇ ਮਾੜੇ ਪ੍ਰਦਰਸ਼ਨ ਨੇ ਇਸ ਦੇਸ਼ ਨੂੰ ਵੈਂਟੀਲੇਟਰ ਉੱਤੇ ਪਾ ਦਿੱਤਾ ਹੈ ਤੇ ਇਹ ਆਗੂ ਇਸ ਲਈ ਜਵਾਬਦੇਹੀ ਤੋਂ ਬਚਣ ਦੇਯਤਨ ਕਰਦਾ ਹੈ, ਪਰ ਇਮਰਾਨ ਖਾਨ ਦੀ ਖੇਡ ਖਤਮ ਹੈ। ਜੇ ਉਹ ਕਿਸੇ ਹੋਰ ਨੂੰ ਆਪਣੇ ਖਰਾਬ ਪ੍ਰਦਰਸ਼ਨ ਲਈ ਜਵਾਬਦੇਹ ਦੱਸਣ ਦੇ ਯਤਨ ਕਰੇਗਾ ਤਾਂ ਅਸਫਲ ਹੋਵੇਗਾ। ਉਨ੍ਹਾਂ ਨੇ ਇਮਰਾਨ ਖਾਨ ਨੂੰ ਉਹ ਵੀਡੀਓ ਬਣਾਉਣ ਲਈ ਵੀ ਕਿਹਾ, ਜਿਸ ਵਿੱਚ ਉਨ੍ਹਾਂ ਦੇ ਕਤਲ ਦੀ ਯੋਜਨਾ ਬਣਾਈ ਗਈ ਸੀ ਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਸੁਰੱਖਿਆ ਦੇਣਗੇ। ਇਮਰਾਨ ਖਾਨ ਨੇ ਇੱਕ ਦਿਨ ਪਹਿਲਾਂਇੱਕ ਵੀਡੀਓ ਵਿੱਚਕਿਹਾ ਸੀ ਕਿ ਉਨ੍ਹਾਂ ਨੂੰ ਮਾਰਨ ਲਈ ਵਿਦੇਸ਼ ਵਿੱਚ ਸਾਜ਼ਿਸ਼ ਰਚੀ ਜਾ ਰਹੀ ਹੈ ਅਤੇ ਉਸ ਨੇ ਸਾਜ਼ਿਸ਼ ਕਰਤਾ ਦਾ ਨਾਂ ਵੀ ਲਿਆ ਸੀ।

# ਸ਼ੱਕੀ ਹਾਲਾਤ ਵਿੱਚ ਮਰੇ 8 ਸਾਲਾ ਬੱਚੇ ਦਾ ਵਾਕਫ ਸੀ ਲਾਪਤਾ ਵਿਅਕਤੀ



ਵਾਟਰਲੂ, 16 ਮਈ (ਪੋਸਟ ਬਿਊਰੋ) : ਵੀਕੈਂਡ ਉੱਤੇ ਕੈਂਬ੍ਰਿਜ ਵਿੱਚ ਮ੍ਰਿਤਕ ਪਾਏ ਗਏ 8 ਸਾਲਾ ਬੱਚੇ ਦੀ ਮੌਤ ਦੀ ਜਾਂਚ ਦਰਮਿਆਨ ਵਾਟਰਲੂ ਪੁਲਿਸ ਵੱਲੋਂ ਇੱਕ ਲਾਪਤਾ ਵਿਅਕਤੀ ਦੀ ਭਾਲ ਵੀ ਕੀਤੀ ਜਾ ਰਹੀ ਹੈ।

ਵਾਟਰਲੂ ਰੀਜਨਲ ਪੁਲਿਸ ਸਰਵਿਸ ਦਾ ਕਹਿਣਾ ਹੈ ਕਿ ਸ਼ਨਿੱਚਰਵਾਰ ਨੂੰ ਪੁਲਿਸ ਅਧਿਕਾਰੀਆਂ ਨੂੰ ਸਵੇਰੇ 10:00 ਵਜੇ ਇੱਕ ਘਰ ਵਿੱਚ ਸੱਦਿਆ ਗਿਆ। ਮੌਕੇ ਉੱਤੇ ਉਨ੍ਹਾਂ ਨੂੰ ਇੱਕ 8 ਸਾਲਾ ਬੱਚਾ ਮ੍ਰਿਤਕ ਮਿਲਿਆ। ਬੱਚੇ ਦੀ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 41 ਸਾਲਾ ਕਰਟਿਸ ਹੈਸਲਿੰਕ, ਜੋ ਕਿ ਕੈਂਬ੍ਰਿਜ ਵਿੱਚ ਹੀ ਰਹਿੰਦਾ ਸੀ, ਤੇ ਬੱਚੇ ਦਾ ਜਾਣਕਾਰ ਸੀ, ਉਹ ਲਾਪਤਾ ਹੈ। ਪੁਲਿਸ ਨੇ ਦੱਸਿਆ ਕਿ ਉਸ ਦੀ ਸੇਫਟੀ ਸਬੰਧੀ ਘਰਦਿਆਂ ਨੂੰ ਚਿੰਤਾ ਹੋ ਰਹੀ ਹੈ। ਬੱਚੇ ਨਾਲ ਉਸ ਦਾ ਕੀ ਸਬੰਧ ਸੀ ਇਸ ਬਾਰੇ ਵੀ ਕੋਈ ਸਪਸ਼ਟ ਜਾਣਕਾਰੀ ਹਾਸਲ ਨਹੀਂ ਹੋਈ ਹੈ।

ਉਸ ਦਾ ਕੱਦ 5 ਫੁੱਟ 11 ਇੰਚ, ਅੱਖਾਂ ਦਾ ਰੰਗ ਨੀਲਾ, ਦਰਮਿਆਨੀ ਕੱਦਕਾਠੀ, ਨਿੱਕੇ ਭੂਰੇ ਵਾਲ ਹਨ। ਹੈਸਲਿੰਕ ਨੂੰ ਆਖਰੀ ਵਾਰੀ ਖਾਖੀ ਪੈਂਟ ਤੇ ਨੀਲੀ ਜਾਂ ਕਾਲੇ ਰੰਗ ਦੀ ਫੌਜੀ ਸਟਾਈਲ ਬਕੇਟ ਹੈਟ ਪਾਇਆਂ ਵੇਖਿਆ ਗਿਆ। ਜਾਂਚਕਾਰਾਂ ਵੱਲੋਂ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਹੈਸਲਿੰਕ ਨਜ਼ਰ ਆਵੇ ਤਾਂ ਉਸ ਤੱਕ ਪਹੁੰਚ ਨਾ ਕੀਤੀ ਜਾਵੇ ਤੇ ਫੌਰੀ ਤੌਰ ਉੱਤੇ 911 ਉੱਤੇ ਕਾਲ ਕੀਤੀ ਜਾਵੇ। ਪੁਲਿਸ ਕੈਂਬ੍ਰਿਜ ਵਿੱਚ ਟਾਊਨਲਾਈਨ ਰੋਡ ਤੇ ਰਿਵਰ ਰੋਡ ਇਲਾਕੇ ਵਿੱਚ ਹੈਸਲਿੰਕ ਦੀ ਭਾਲ ਕਰ ਰਹੀ ਹੈ।

# ਬਹਿਸ ਦੌਰਾਨ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਫੋਰਡ ਨੂੰ ਸਿਹਤ, ਸਿੱਖਿਆ ਸਬੰਧੀ ਮੁੱਦਿਆਂ ਉੱਤੇ ਘੇਰਿਆ

ਪੰਨਾ 1 ਦਾ ਬਾਕੀ

ਬਾਕੀ ਤਿੰਨ ਆਗੂਆਂ ਨੇ ਨਰਸਾਂ ਤੇ ਹੋਰ ਪਬਲਿਕ ਸੈਕਟਰ ਵਰਕਰਜ਼ ਲਈ ਮੁਆਵਜ਼ੇ ਵਿੱਚ ਵਾਧੇ ਸਬੰਧੀ ਬਿੱਲ ਨੂੰ ਰੱਦ ਕਰਨ ਦੇ ਮੁੱਦੇ ਉੱਤੇ ਆਖਿਆ ਕਿ ਇਸ ਨਾਲ ਨਰਸਾਂ ਤੇ ਹੋਰ ਕਰਮਚਾਰੀਆਂ ਨੂੰ ਇੱਕ ਸਮੇਂ ਅਦਾਇਗੀ ਨਾਲੋਂ ਵਧੇਰੇ ਮਦਦ ਹੋ ਜਾਣੀ ਸੀ।

ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਫੋਰਡ ਉੱਤੇ ਵਾਰ ਕਰਦਿਆਂ ਆਖਿਆ ਕਿ ਉਨ੍ਹਾਂ ਨੇ ਸਾਡੇ ਪਬਲਿਕ ਐਜੂਕੇਸ਼ਨ ਸਿਸਟਮ ਨੂੰ ਤਬਾਹ ਕਰ ਦਿੱਤਾ ਹੈ ਪਰ ਫੋਰਡ ਨੇ ਇਸ ਦੋਸ਼ ਨੂੰ ਸਵੀਕਾਰਨ ਤੋਂ ਇਨਕਾਰ ਕਰ ਦਿੱਤਾ। ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਵੀ ਸਿੱਖਿਆ ਸਬੰਧੀ ਮੁੱਦੇ ਉੱਤੇ ਫੋਰਡ ਦੀ ਸਖ਼ਤ ਨੁਕਤਾਚੀਨੀ ਕੀਤੀ।ਪਰ ਫੋਰਡ ਨੇ ਆਖਿਆ ਕਿ ਸਿੱਖਿਆ ਸਬੰਧੀ ਉਨ੍ਹਾਂ ਦੀ ਸਰਕਾਰ ਦੇ ਰਿਕਾਰਡ ਉੱਤੇ ਉਹ ਮਾਣ ਕਰਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਹ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਨੌਕਰੀਆਂ ਲਈ ਤਿਆਰ ਕਰ ਰਹੇ ਹਨ।

ਇਸ ਦੌਰਾਨ ਕੁਈਨਜ਼ ਯੂਨੀਵਰਸਿਟੀ ਦੀ ਪੁਲਿਟੀਕਲ ਸਟੱਡੀਜ਼ ਵਿੱਚ ਟੀਚਿੰਗ ਫੈਲੋਅ ਟਿੰਮ ਐਂਬਰੇਅ ਨੇ ਆਖਿਆ ਕਿ ਫੋਰਡ ਨੇ ਹਮਲਾਵਰ ਨਹੀਂ ਸਗੋਂ ਰੱਖਿਆਤਮਕ ਪਹੁੰਚ ਬੜੀ ਸਫਲਤਾ ਨਾਲ ਅਪਣਾਈ।ਹੁਣ ਤੱਕ ਕਰਵਾਏ ਗਏ ਸਰਵੇਖਣਾਂ ਤੋਂ ਸਾਹਮਣੇ ਆਇਆ ਹੈ ਕਿ ਚੋਣਾਂ ਵਿੱਚ ਫੋਰਡ ਦੀ ਲੀਡ ਬਰਕਰਾਰ ਹੈ ਤੇ ਐਬਰੇਅ ਨੇ ਆਖਿਆ ਕਿ ਜਿਸ ਤਰ੍ਹਾਂ ਦਾ ਹਥਕੰਢਾ ਫੋਰਡ ਵੱਲੋਂ ਬਹਿਸ ਵਿੱਚ ਅਪਣਾਇਆ ਗਿਆ ਹੈ ਉਹ ਮੂਹਰਲੀ ਕਤਾਰ ਵਾਲੇ ਉਮੀਦਵਾਰਾਂ ਵਾਲਾ ਹੀ ਹੈ।

## ਮਾਂ ਨਾਲ ਬਾਈਕ ਉਤੇ ਘਰ ਮੁੜਦਾ ਗੱਭਰੂ ਗੋਲੀਆਂ ਮਾਰ ਕੇ ਮਾਰਿਆ

ਤਰਨਤਾਰਨ, 16 ਮਈ (ਪੋਸਟ ਬਿਊਰੋ)- ਥਾਣਾ ਗੋਇੰਦਵਾਲ ਸਾਹਿਬ ਦੇ ਪਿੰਡ ਰਾਹਲ ਦੇ ਵਸਨੀਕ 23 ਸਾਲਾ ਦਿਲੇਰ ਸਿੰਘ ਦੀ ਬਾਈਕ ਸਵਾਰ ਦੋ ਲੋਕਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲਸ ਨੇ ਮੁੱਢਲੀ ਤਫਤੀਸ਼ ਦੇ ਬਾਅਦ ਕੁਲ ਚਾਰ ਲੋਕਾਂ ਦੇ ਵਿਰੁੱਧ ਹੱਤਿਆ ਦਾ ਮਾਮਲਾ ਦਰਜ ਕਰ ਲਿਆ ਹੈ। ਖਡੂਰ ਸਾਹਿਬ ਹਲਕੇ ਦੇ ਪਿੰਡ ਰਾਹਲ ਦੇ ਕਿਸਾਨ ਗੁਲਨੇਟ ਸਿੰਘ ਨੇ ਦੱਸਿਆ ਕਿ ਉਸਦੇ ਦੋ ਬੇਟੇ ਜੰਗਬਹਾਦੁਰ ਸਿੰਘ ਅਤੇ ਦਲੇਰ ਸਿੰਘ ਅਤੇ ਇੱਕ ਬੇਟੀ ਪਰਮਿੰਦਰ ਕੌਰ ਹੈ। ਬੇਟੀ ਪਿੰਡ ਜੌਹਲ ਢਾਹੇ ਵਾਲਾ ਨਿਵਾਸੀ ਸੁਖਚੈਨ ਸਿੰਘ ਨਾਲ ਵਿਆਹੀ ਹੈ। ਕਰੀਬ ਦੋ ਸਾਲ ਪਹਿਲਾਂ ਕੁੱਟਮਾਰ ਦੇ ਕੇਸ ਵਿੱਚ ਵੱਡਾ ਬੇਟਾ ਜੰਗਬਹਾਦੁਰ ਸਿੰਘ ਜੇਲ੍ਹ ਵਿੱਚ ਬੰਦ ਸੀ। ਇਸ ਦੌਰਾਨ ਜੇਲ੍ਹ ਵਿੱਚ ਬੰਦ ਪਿੰਡ ਮੁੰਡਾਪਿੰਡ ਦੇ ਨਿਰਮਲ ਸਿੰਘ ਦੇ ਨਾਲ ਉਸਦਾ ਵਿਵਾਦ ਹੋ ਗਿਆ ਸੀ। ਇਸ ਵਿਵਾਦ ਕਾਰਨ ਹੀ ਇਹ ਕਤਲ ਕੀਤਾ ਗਿਆ।




# ਪੰਜਾਬ ਦੇ ਧਾਰਮਿਕ ਡੇਰਿਆਂ ਸਮੇਤ ਕਈ ਥਾਂਈਂ ਬਿਜਲੀ ਕਾਰਪੋਰੇਸ਼ਨ ਦੇ ਛਾਪੇ

## * ਤਿੰਨ ਦਰਜਨ ਥਾਣਿਆਂ ਵਿਰੁੱਧ ਵੀ ਕਾਰਵਾਈ ਦੇ ਹੁਕਮ * 88 ਲੱਖ ਰੁਪਏ ਤੋਂ ਵੱਧ ਦੇ ਜੁਰਮਾਨੇ ਕੀਤੇ ਗਏ

ਪਟਿਆਲਾ, 16 ਮਈ, (ਪੋਸਟ ਬਿਊਰੋ)- ਪੰਜਾਬ ਸਟੇਟ ਪਾਵਰ ਕਾਰ-ਪੋਰੇਸ਼ਨ ਲਿਮਟਿਡ (ਪਾਵਰਕਾਮ) ਨੇ ਪੰਜਾਬ ਵਿੱਚ ਬਿਜਲੀ ਚੋਰੀ ਵਿਰੁੱਧ ਜ਼ੋਰਦਾਰ ਮੁਹਿੰਮ ਉਲੀਕੀ ਅਤੇ ਕਾਰਵਾਈ ਸ਼ੁਰੂ ਕੀਤੀ ਹੈ।ਪਾਵਰਕਾਮ ਦੇ ਬੁਲਾਰੇ ਮੁਤਾਬਕ 13 ਤੇ 14 ਮਈ ਨੂੰ ਇਨਫੋਰਸਮੈਂਟ ਵਿੰਗ ਦੀਆਂ ਕਈ ਟੀਮਨੇ ਵੱਖ-ਵੱਖ ਸ਼ਹਿਰਾਂ ਵਿੱਚ ਬਿਜਲੀ ਖਪਤਕਾਰਾਂ ਦੇ ਕੁਨੈਕਸ਼ਨ ਚੈੱਕ ਕੀਤੇ ਤੇ ਇਸ ਮੌਕੇ ਇਨਫੋਰਸਮੈਂਟ ਵਿੰਗ ਨੇ ਵੱਧ ਲੋਡ ਵਾਲੇ ਫੀਡਰਾਂ ਦੇ 3035 ਬਿਜਲੀ ਕੁਨੈਕਸ਼ਨ ਚੈੱਕ ਕੀਤੇ। ਇਨ੍ਹਾਂ ਵਿੱਚੋਂ 120 ਖਪਤਕਾਰ ਚੋਰੀ ਕਰਦੇਮਿਲੇ ਤੇ 464 ਖਪਤਕਾਰ ਕਈ ਊਣਤਾਈਆਂ ਤੇ ਬੇਨਿਯਮੀਆਂ ਕਰਦੇ ਫੜੇ ਗਏ ਹਨ। ਇਨ੍ਹਾਂ ਸਾਰੇ ਕੇਸਾਂ ਵਿੱਚ ਖਪਤਕਾਰਾਂ ਨੂੰ ਬਿਜਲੀ ਐਕਟ 2003 ਅਧੀਨ ਕੁਲ ਮਿਲਾ ਕੇ 88.18 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਅਤੇ ਇਹ ਮੁਹਿੰਮ ਅੱਗੋਂ ਵੀ ਚੱਲਦੀ ਰੱਖਣ ਦਾ ਫੈਸਲਾ ਹੋਇਆ ਹੈ।

ਇਸ ਬਾਰੇ ਪੰਜਾਬ ਪਾਵਰਕਾਮ ਦੇ ਬੁਲਾਰੇ ਨੇ ਦੱਸਿਆ ਕਿ ਚੈਕਿੰਗ ਦੌਰਾਨਉਦੋਕੇ ਸਬ-ਡਵੀਜ਼ਨ (ਅੰਮ੍ਰਿਤਸਰ) ਦਾ ਡੇਰਾ ਸਰਹਾਲਾ, ਨੇੜੇ ਜੈਂਤੀਪੁਰ ਚੈੱਕ ਕਰਨ ਉੱਤੇ ਪਤਾ ਲੱਗਾ ਕਿ ਡੇਰੇ ਦਾ ਸਾਰਾ 29.278 ਕਿਲੋਵਾਟ ਲੋਡ ਡੇਰੇ ਦੇ ਬਾਹਰ ਲੱਗੇ 25 ਕੇਵੀਏ ਟਰਾਂਸਫਾਰਮਰ ਤੋਂ ਕੇਬਲ ਪਾ ਕੇ ਮੀਟਰ ਨੂੰ ਬਾਈਪਾਸ ਸਿੱਧੀ ਕੁੰਡੀ ਨਾਲ ਚਲਾਇਆ ਜਾਂਦਾ ਸੀ। ਇਸ ਡੇਰੇ ਨੂੰ ਬਿਜਲੀ ਚੋਰੀ ਬਦਲੇ 4.34 ਲੱਖ ਰੁਪਏ ਜੁਰਮਾਨਾ ਕੀਤਾ ਗਿਆ। ਡੇਰਾ ਬਾਬਾ



ਲਾਲ ਸਿੰਘ ਭਾਈ ਰੂਪਾ (ਰਾਮਪੁਰਾ ਫੂਲ) ਨੂੰ ਚੈੱਕ ਕੀਤਾ ਤਾਂਇਸ ਡੇਰੇ ਨੇ ਸੜਕ ਉੱਤੇ ਲੱਗੇ ਕੇਬਲ ਤੋਂ ਸਿੱਧੀ ਕੁੰਡੀ ਪਾ ਕੇ ਬਿਜਲੀ ਚੋਰੀ ਕਰ ਰੱਖੀ ਸੀ, ਜਿਸ ਦਾ ਲੋਡ ਇੱਕ ਟਨ ਦੇ ਏਸੀ ਸਮੇਤ 3 ਕਿੱਲੋਵਾਟ ਬਣਦਾ ਸੀ। ਮੌਕੇ ਉੱਤੇ ਵੀਡੀਓਗ੍ਰਾਫੀ ਕਰ ਕੇ ਕੇਬਲ ਉਤਾਰ ਲਈ ਗਈ ਤੇ ਇਸ ਡੇਰੇ ਖਿਲਾਫਪੁਲਸ ਕੇਸ ਦਰਜ ਕਰਵਾਇਆ ਗਿਆ ਹੈ।ਪਾਵਰਕਾਮ ਦੇ ਬੁਲਾਰੇ ਮੁਤਾਬਕ ਜਮਾਲਪੁਰ, ਲੁਧਿਆਣਾ ਇਲਾਕੇ ਦੇ ਇਕ ਧਾਰਮਿਕ ਸਥਾਨ ਦਾ40 ਕਿੱਲੋਵਾਟ ਲੋਡ, ਜਿਸ ਵਿੱਚ 10 ਏਸੀ ਲੱਗੇ ਸਨ, ਨੂੰ 25 ਮੈੱਮੈੱਮ ਕੇਬਲ ਨਾਲ ਸਿੱਧੀ ਕੁੰਡੀ ਪਾ ਕੇ ਬਿਜਲੀ ਚੋਰੀ ਨਾਲ ਚਲਾ ਰਹੇ ਸਨ।ਇਸ ਡੇਰੇ ਨੂੰ ਬਿਜਲੀ ਐਕਟ 2003 ਅਧੀਨ 9.43 ਲੱਖਰੁਪਏ ਜੁਰਮਾਨਾ ਅਤੇ 70,000ਰੁਪਏ ਦੀ ਕੰਪਾਊਂਡਿੰਗ ਫੀਸ ਪਾਈ ਗਈ ਹੈ।

ਦੂਸਰੇ ਪਾਸੇ ਪੰਜਾਬ ਪਾਵਰਕਾਮ ਨੇ ਕਰੀਬ ਤਿੰਨ ਦਰਜਨ ਪੁਲਸ ਥਾਣਿਆਂ ਦੇ ਕੁਨੈਕਸ਼ਨ ਕੱਟਣ ਦੇ ਹੁਕਮ ਜਾਰੀ ਕੀਤੇ ਹਨ। ਲੁਧਿਆਣਾ ਦੇ ਗਿੱਲ ਰੋਡ ਥਾਣੇ ਵਿਖੇ ਚੱਲਦੇ 20 ਕਿੱਲੋਵਾਟ ਦੇ ਲੋਡ ਨੂੰ ਬਾਹਰੋਂ ਜਾਂਦੀ ਤਾਰ ਟੈਪ ਨਾਲ ਕੀਤੀ ਬਿਜਲੀ ਚੋਰੀ ਲਈ ਬਿਜਲੀ ਐਕਟ 2003 ਹੇਠ 8 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਪੀਏਪੀ (ਪੰਜਾਬ ਆਰਮਡ ਪੁਲੀਸ) ਕੰਪਲੈਕਸ ਜਲੰਧਰ ਰਿਹਾਇਸ਼ੀ ਕਾਲੋਨੀ ਵਿੱਚ 124 ਘਰਾਂ ਦੇ ਕੁਨੈਕਸ਼ਨ ਚੈੱਕ ਕੀਤੇ ਤਾਂ ਇਨ੍ਹਾਂਵਿੱਚੋਂ 23 ਘਰ ਬਿਜਲੀ ਚੋਰੀ ਕਰਦੇ ਫੜੇ ਗਏ ਅਤੇ ਬਿਜਲੀ ਐਕਟ 2003 ਹੇਠਇਨ੍ਹਾਂ ਘਰਾਂ ਵਿੱਚ ਰਹਿਣ ਵਾਲਿਆਂ ਨੂੰ 6.23 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਜ਼ਿਲਾ ਬਠਿੰਡਾ ਦੇ ਐੱਸ ਐੱਸ ਪੀ ਨੇ ਸਾਰੇ ਪੁਲਸ ਦਫਤਰਾਂ ਅਤੇ ਥਾਣਿਆਂ ਨੂੰ ਹੁਕਮ ਜਾਰੀ ਕੀਤੇ ਹਨ ਕਿ ਕਿਸੇ ਵੀ ਪੁਲਸ ਇਮਾਰਤ ਵਿੱਚ ਅਣ-ਅਧਿਕਾਰਤੀ ਏ ਸੀ ਚੱਲਦਾ ਹੋਵੇ ਤਾਂ ਤੁਰੰਤ ਹਟਾ ਦਿੱਤਾ ਜਾਵੇ ਅਤੇ ਜਿਸ ਥਾਂ ਚੱਲਦਾ ਫੜਿਆ ਗਿਆ, ਸੰਬੰਧਤ ਅਧਿਕਾਰੀ ਨੂੰ ਉਸ ਦਾ ਜੁਰਮਾਨਾ ਆਪਣੀ ਜੇਬ ਵਿੱਚੋਂ ਭਰਨਾ ਪਵੇਗਾ। ਬਾਕੀ ਜ਼ਿਲਿਆਂ ਦੇ ਪੁਲਸ ਮੁਲਾਜ਼ਮਾਂ ਵਿੱਚ ਵੀ ਇਸ ਸਖਤੀ ਕਾਰਨ ਘਬਰਾਹਟ ਹੈ।

## ਅੱਜ ਨਾਮਾ

ਸਰਕਾਰ ਬਦਲੀ ਪਰ ਆਂਵਦੀ ਖਬਰ ਉਹੀ,
ਲੈ ਲਿਆ ਫਾਹਾ ਹੈ ਕਿਸੇ ਕਿਰਸਾਨ ਮੀਆਂ।
ਕਰਜ਼ਾ ਬੈਂਕਾਂ ਦਾ ਬਾਹਲਾ ਜਾਂ ਆੜ੍ਹਤੀ ਦਾ,
ਮੁਸ਼ਕਲ ਵਿੱਚ ਤੇ ਫਸੀ ਪਈ ਜਾਨ ਮੀਆਂ।
ਲਹਿਣੇਦਾਰ ਸਨ ਰਾਤ-ਦਿਨ ਆਣ ਵੜਦੇ,
ਔਖੀ ਹੋ ਗਈ ਸੀ ਕਰਨ ਗੁਜ਼ਰਾਨ ਮੀਆਂ।
ਦਿੱਸਦਾ ਕੋਈ ਵੀ ਰਾਹ ਨਹੀਂ ਜਦੋਂ ਕਿਧਰੇ,
ਜਾਂਦਾ ਈ ਛੱਡ ਉਹ ਆਖਰ ਜਹਾਨ ਮੀਆਂ।
ਮਦਦ ਕਰਨ ਕਿਰਸਾਨ ਦੀ ਆਏ ਕਿਹੜਾ,
ਹਰ ਕੋਈ ਆਪਣਾ ਰੋਣ ਜਦ ਰੋਏ ਮੀਆਂ।
ਸਿਆਸਤ ਆਪਣੀ ਚੱਲਦੀ ਚਾਲ ਰਹਿੰਦੀ,
ਜੋ ਕੁਝ ਹੋਣਾ, ਸਮਾਜ ਵਿੱਚ ਹੋਏ ਮੀਆਂ।

**ਤੀਸ ਮਾਰ ਖਾਂ**

## ਯੂ ਪੀ ਐਸ ਦੀਆਂ 60 ਬੈਟਰੀਆਂ ਅਤੇ ਏ ਸੀ ਦਾ ਕੰਪ੍ਰੈਸ਼ਰ ਚੋਰੀ

ਜਲੰਧਰ, 16 ਮਈ (ਪੋਸਟ ਬਿਊਰੋ)- ਜਿਮਖਾਨਾ ਕਲੱਬ ਜਲੰਧਰ ਵਿੱਚ ਚੋਰਾਂ ਨੇ ਧਾਵਾ ਕੀਤਾ ਅਤੇ ਹੈਲਥ ਕਲੱਬ ਦੇ ਅੰਦਰ ਚੱਲਣ ਵਾਲੀਆਂ ਮਸ਼ੀਨਾਂ ਨੂੰ ਬੈਕਅਪ ਦੇਣ ਵਾਲੇ ਯੂ ਪੀ ਐਸ ਵਿੱਚ ਲੱਗੀਆਂ 60 ਬੈਟਰੀਆਂ ਤੇ ਢਾਈ ਟਨ ਦੇ ਏ ਸੀ ਦਾ ਕੰਪ੍ਰੈਸ਼ਰ ਚੋਰੀ ਕਰ ਲਿਆ, ਜਿਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਕਲੱਬ ਦੇ ਸੈਕਟਰੀ ਸੰਦੀਪ ਬਹਿਲ ਕੁਕੀ ਨੇ ਇਸ ਬਾਰੇ ਡਿਪਟੀ ਕਮਿਸ਼ਨਰਅਤੇ ਕਲੱਬ ਦੇ ਸੀਨੀਅਰ ਵਾਈਸ ਪ੍ਰਧਾਨ ਘਨਸ਼ਾਮ ਥੋਰੀ ਨੂੰ ਦੱਸਿਆ ਤਾਂ ਉਨ੍ਹਾਂ ਨੇ ਕਲੱਬ ਦੇ ਪ੍ਰਬੰਧਕਾਂ ਨੂੰ ਥਾਣਾ ਚਾਰ ਦੀ ਪੁਲਸ ਨੂੰ ਸ਼ਿਕਾਇਤ ਦੇਣ ਨੂੰ ਕਿਹਾ। ਥਾਣਾ ਚਾਰ ਦੇ ਮੁਖੀ ਅਵਤਾਰ ਸਿੰਘ ਨੇ ਸ਼ਿਕਾਇਤ ਨਾ ਆਉਣ ਦੀ ਗੱਲ ਕਹਿ ਕੇ ਦੱਸਿਆ ਕਿ ਸ਼ਿਕਾਇਤ ਆਈ ਤਾਂ ਕਾਰਵਾਈ ਹੋਵੇਗੀ।ਕਲੱਬ ਦੇ ਗੇਟ ਉੱਤੇ 24 ਘੰਟੇ ਸਿਕਉਰਿਟੀ ਗਾਰਡ ਹੁੰਦੇ ਹਨ। ਅੰਦਰ ਵੀ ਸਕਿਉਰਿਟੀ ਰਹਿੰਦੀ ਹੈ। ਇਸ ਚੋਰੀ ਵਿੱਚ ਕਲੱਬ ਦੇ ਕੁਝ ਲੋਕਾਂ ਦੀ ਲਾਪਰਵਾਹੀ ਜਾਪਦੀ ਹੈ।

# ਮੁੱਖ ਮੰਤਰੀ ਦੀ ਪਹਿਲੀ 'ਲੋਕ-ਮਿਲਣੀ' ਦੌਰਾਨ ਦੋ ਤਹਿਸੀਲਦਾਰਾਂ ਦੇ ਖ਼ਿਲਾਫ਼ ਕਾਰਵਾਈ ਦੇ ਹੁਕਮ

ਚੰਡੀਗੜ੍ਹ, 16 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਲੋਕਾਂ ਦੀਆਂ ਸ਼ਿਕਾਇਤਾਂ ਮੌਕੇ ਉੱਤੇ ਨਿਪਟਾਉਣ ਲਈ ਆਪਣੀ ਸਰਕਾਰ ਦਾ ਪਹਿਲਾ ਨਿਵੇਕਲਾਪ੍ਰੋਗਰਾਮ 'ਲੋਕ ਮਿਲਣੀ' ਕਰਵਾਇਆ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਲੋਕ ਆਏ ਸਨ ਤੇ ਕੁਝ ਲੋਕਾਂ ਨੇ ਮਿਲ ਨਾ ਸਕਣ ਕਾਰਨ ਨਾਰਾਜ਼ਗੀ ਵੀ ਵਿਖਾਈ।ਨਵੀਂ ਸਰਕਾਰ ਦੇ ਦੋ ਮਹੀਨੇ ਪੂਰੇ ਹੋਣ ਮੌਕੇ ਅੱਜ ਨਵੀਂ ਕਿਸਮ ਦਾ ਪ੍ਰੋਗਰਾਮ ਸ਼ੁਰੂ ਕਰਦੇ ਵਕਤਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, 'ਮੇਰੀ ਸਰਕਾਰ ਦਾ ਇਹ ਨਿਮ-ਾਣਾ ਜਿਹਾ ਯਤਨ ਹੈ, ਤਾਂ ਕਿ ਅਸੀਂ ਇਹ ਯਕੀਨ ਕਰਵਾ ਸਕੀਏ ਕਿ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਲੰਮੇ ਸਮੇਂ ਤੋਂ ਲਟਕਦੇ ਪ੍ਰਸ਼ਾਸਨਿਕ ਮੁੱਦਿਆਂ ਦੇ ਹੱਲ ਕਰਨ ਵਾਲੀਆਂ ਸਹੂਲਤਾਂ ਦੇ ਸਕਦੇ ਹਾਂ।'

ਜਾਣਕਾਰ ਸੂਤਰਾਂ ਮੁਤਾਬਕ ਇਸ ਮੌਕੇ ਜ਼ਮੀਨੀ ਵਿਵਾਦ ਬਾਰੇ ਇਕ ਫਰਿਆਦੀ ਨੇ ਮੁੱਖ ਮੰਤਰੀ ਸਾਹਮਣੇ ਅਰਜ਼ੀ ਰੱਖੀ ਤਾਂ ਮੁੱਖ ਮੰਤਰੀ ਨੇ ਦੋ ਤਹਿਸੀਲਦਾਰਾਂ ਖ਼ਿਲਾਫ਼ ਵਿਭਾਗੀ ਅਫਸਰਾਂ ਨੂੰ ਕਾਰਵਾਈ ਕਰਨ ਦੇ ਹੁਕਮ ਦੇ ਦਿੱਤੇ। ਉਨ੍ਹਾ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਉੱਚ ਅਧਿਕਾਰੀ ਇਸ 'ਲੋਕ ਮਿਲਣੀ' ਦੌਰਾਨ ਉਨ੍ਹਾਂ ਦੇ ਨਾਲ ਇਸ ਲਈ ਹਨ ਕਿ ਲੋਕਾਂ ਵੱਲੋਂ ਉਠਾਏ ਮਸਲਿਆਂ ਦਾ ਮੌਕੇ ਉੱਤੇ ਨਿਪਟਾਰਾ ਕੀਤਾ ਜਾਵੇ। ਭਗਵੰਤ ਮਾਨ ਨੇ ਕਿਹਾ ਕਿ ਇਸ ਉਪਰਾਲੇ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਖੱਜਲ ਨਾ ਹੋਣਾ ਪਵੇ।



ਪਹਿਲੀ ਲੋਕ ਮਿਲਣੀ ਮੌਕੇ ਕੁਝ ਪਿੰਡਾਂ ਦੇ ਪ੍ਰਤੀਨਿਧਾਂ ਨੇ ਆਪਣੇ ਪਿੰਡ ਵਿੱਚ ਨਸ਼ਿਆਂ ਦੀ ਤਸਕਰੀ ਹੁੰਦੀ ਰੋਕਣ ਦੇ ਲਈ ਅਪੀਲ ਕੀਤੀ। ਕੁਝ ਨੌਜਵਾਨਾਂ ਦੇ ਗਰੁੱਪਾਂ ਨੇ ਨੌਕਰੀਆਂ ਦੀ ਪ੍ਰਕਿਰਿਆ ਤੇਜ਼ ਕਰਨ ਲਈ ਕਿਹਾ ਅਤੇ ਕੁਝ ਲੋਕ ਆਪਣੀਆਂ ਨਿੱਜੀ ਮੁਸ਼ਕਲਾਂ ਲੈ ਕੇ ਆਏ ਹੋਏ ਸਨ।ਇਸ ਮੌਕੇ 61 ਸ਼ਿਕਾਇਤਕਰਤਾਵਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਅੱਗੇ ਆਪਣੀਆਂ ਸ਼ਿਕਾਇਤਾਂ ਰੱਖੀਆਂ ਅਤੇ ਮੁੱਖ ਮੰਤਰੀ ਨੇ ਵੱਖ-ਵੱਖ ਵਿਭਾਗਾਂ ਦੇ ਉੱਚ ਅਫਸਰਾਂ ਨੂੰ ਹਦਾਇਤ ਕੀਤੀ ਕਿ ਸ਼ਿਕਾਇਤਾਂ ਦਾ ਸਮਾਂ-ਬੱਧ ਤੇ ਨਤੀਜਾ ਮੁਖੀ ਢੰਗ ਨਾਲ ਨਿਪਟਾਰਾ ਯਕੀਨੀ ਕੀਤਾ ਜਾਵੇ। ਭਗਵੰਤ ਮਾਨ ਨੇ ਕਿਹਾ ਕਿ ਉਹ ਹਰ ਹਫ਼ਤੇ ਨਿੱਜੀ ਤੌਰ ਉੱਤੇ ਇਨ੍ਹਾਂ ਸ਼ਿਕਾਇਤਾਂ ਉੱਤੇ ਹੋ ਰਹੀ ਕਾਰਵਾਈ ਦੀ ਨਿਗਰਾਨੀ ਕਰਨਗੇ। ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਵਿੱਚ ਕਿਸੇ ਤਰ੍ਹਾਂ ਦੀ ਢਿੱਲ-ਮੱਠ ਨੂੰ ਕਿਸੇ ਕੀਮਤ ਉੱਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਕ ਸ਼ਿਕਾਇਤ ਉੱਤੇਮੁੱਖ ਮੰਤਰੀ ਭਗਵੰਤ ਮਾਨ ਨੇ ਸਮਾਜਿਕ ਨਿਆਂ ਤੇ ਸ਼ਕਤੀਕਰਨ ਵਿਭਾਗ ਨੂੰ ਯੋਗ ਲਾਭ-ਪਾਤਰੀਆਂ ਨੂੰ 'ਸ਼ਗਨ ਸਕੀਮ' ਦੇ ਬਕਾਏ ਤੁਰੰਤ ਜਾਰੀ ਕਰਨ ਲਈ ਕਿਹਾ ਅਤੇ ਇਕ ਹੋਰ ਸ਼ਿਕਾਇਤ ਉੱਤੇ ਜਲ ਸਰੋਤ ਵਿਭਾਗ ਨੂੰ ਯਕੀਨੀ ਬਣਾਉਣ ਨੂੰ ਕਿਹਾ ਕਿ ਹਰ ਲਾਭ-ਪਾਤਰੀ ਨੂੰ ਬਿਨਾਂ ਕਿਸੇ ਪੱਖਪਾਤ ਦੇ ਪੀਣ ਦੇ ਪਾਣੀ ਦੀ ਸਪਲਾਈ ਕੀਤੀ ਜਾਵੇ। ਡਾ. ਸੀਮਾ ਰਾਣੀ, ਜਿਸ ਦੇ ਪਤੀ ਦਾ ਕਰੀਬ ਦੋ ਸਾਲ ਪਹਿਲਾਂ ਕੋਵਿਡ-19 ਮਹਾਮਾਰੀ ਦੇ ਦੌਰਾਨ ਦੇਹਾਂਤ ਹੋ ਗਿਆ ਸੀ, ਦੀ ਸ਼ਿਕਾਇਤ ਉੱਤੇਮੁੱਖ ਮੰਤਰੀ ਨੇ ਅਫਸਰਾਂ ਨੂੰ ਕਿਹਾ ਕਿ ਸਰਕਾਰੀ ਨੀਤੀ ਅਨੁਸਾਰ ਉਸ ਨੂੰ ਛੇਤੀ ਨੌਕਰੀ ਦੇਣਾ ਯਕੀਨੀ ਕਰਨ।ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਦਾ ਨਸ਼ਿਆਂ ਦੀ ਮੁਸੀਬਤਵੱਲ ਨਾ ਸਹਿਣ-ਯੋਗ ਵਤੀਰਾ ਹੈ ਅਤੇ ਇਹ ਕੋਹੜ ਪੰਜਾਬ ਵਿੱਚੋਂਸਾਫ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲਿਸ ਭਰਤੀ ਪ੍ਰੀਖਿਆ ਬਾਰੇ ਨਿਰਪੱਖ ਅਤੇ ਪਾਰਦਰਸ਼ੀ ਨਤੀਜਾ ਜਲਦੀ ਐਲਾਨਿਆ ਜਾਵੇਗਾ ਤੇ ਚੁਣੇ ਗਏ ਉਮੀਦਵਾਰਾਂ ਨੂੰ ਜਲਦੀ ਨਿਯੁਕਤੀ ਪੱਤਰ ਦਿੱਤੇ ਜਾਣਗੇ।ਉਨ੍ਹਾ ਨੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਅਫਸਰਾਂ ਨੂੰ ਹਦਾਇਤਾਂ ਵੀ ਜਾਰੀ ਕੀਤੀਆਂ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011




ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਬੰਦੀ ਸਿੱਖਾਂ ਦੀ ਰਿਹਾਈ ਦੇ ਯਤਨ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਸਾਂਝੀ ਕਮੇਟੀ ਕਾਇਮ

* ਸੁਖਬੀਰ ਬਾਦਲ, ਦਾਦੂਵਾਲ ਤੇ ਸਿਮਰਨਜੀਤ ਸਿੰਘ ਮਾਨ ਵੀ ਸ਼ਾਮਲ




ਅੰਮ੍ਰਿਤਸਰ, 16 ਮਈ, (ਪੋਸਟ ਬਿਊਰੋ)- ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਬੰਦ ਹੋਏ ਸਿੱਖਾਂ ਦੀ ਰਿਹਾਈ ਦੇ ਸਾਂਝੇ ਪੰਥਕ ਯਤਨਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ 9 ਮੈਂਬਰੀ ਕਮੇਟੀ ਬਣਾਈ ਹੈ, ਜਿਸਵਿੱਚ ਵੱਖ-ਵੱਖ ਸਿੱਖ ਆਗੂ ਮੈਂਬਰ ਲਏ ਗਏ ਹਨ। ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਉੱਤੇਬੀਤੀ 11 ਮਈ ਨੂੰ ਸ਼੍ਰੋਮਣੀ ਕਮੇਟੀ ਵੱਲੋਂਸੱਦੇ ਗਏ ਪੰਥਕ ਇਕੱਠ ਦੌਰਾਨ ਸਰਬਸੰਮਤੀ ਨਾਲ ਸਾਂਝੀ ਕਮੇਟੀ ਬਣਾਉਣਲਈ ਅਧਿਕਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪੇ ਗਏ ਸਨ।ਅੱਜ ਉਨ੍ਹਾਂ ਇਸ ਕਮੇਟੀ ਦਾ ਐਲਾਨ ਕੀਤਾ, ਜਿਸ ਵਿੱਚ ਖੁਦ ਹਰਜਿੰਦਰ ਸਿੰਘ ਧਾਮੀ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਸੰਤ ਸਮਾਜ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਨਿਹੰਗ ਸਿੰਘ ਜਥੇਬੰਦੀਆਂਤੋਂ ਤਰਨਾ ਦਲ ਹਰੀਆਂ ਵੇਲਾਂ ਦੇ ਬਾਬਾ ਨਿਹਾਲ ਸਿੰਘ, ਦਿੱਲੀਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਦਿੱਲੀ ਗੁਰ-ਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਅਤੇ ਸਿੱਖ ਪ੍ਰਚਾਰਕ ਸੰਤ ਬਲਜੀਤ ਸਿੰਘ ਦਾਦੂਵਾਲ ਨੂੰਸ਼ਾਮਲ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਬੰਦੀ ਸਿੱਖਾਂ ਦੀ ਰਿਹਾਈ ਦੇ ਸਾਂਝੇ ਯਤਨਾਂ ਵਾਸਤੇਬਣਾਈ 9 ਮੈਂਬਰੀ ਕਮੇਟੀ ਇਸ ਕੰਮ ਲਈ ਯਤਨਸ਼ੀਲ ਸੰਸਥਾਵਾਂ ਅਤੇ ਆਗੂਆਂ ਦੇ ਸਹਿਯੋਗ ਨਾਲ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਇਸ ਦੌਰਾਨ ਲੋੜ ਅਨੁਸਾਰ ਕਮੇਟੀ ਦਾ ਵਿਸਥਾਰ ਵੀ ਕੀਤਾ ਜਾ ਸਕਦਾ ਹੈ।

# ਰਾਜਪੁਰਾ ਇਲਾਕੇ ਵਿੱਚ ਸਰਾਂ ਨੂੰ ਮਸਜਿਦ ਬਣਾਉਣ ਦਾ ਮੁੱਦਾ ਭਖਿਆ

* ਮਾਹੌਲ ਤਣਾਅਪੂਰਨ, ਪੁਲਿਸ ਫੋਰਸ ਤਾਇਨਾਤ



ਰਾਜਪੁਰਾ, 16 ਮਈ, (ਪੋਸਟ ਬਿਊਰੋ)- ਇਸ ਇਲਾਕੇ ਦੇ ਪਿੰਡ ਗੁੱਜਰਵਾਲਾ ਵਿੱਚ ਗੁਰੂ ਕੀ ਸਰਾਂ ਨੂੰ ਮਸਜਿਦ ਦੇ ਰੂਪ ਵਿੱਚਬਦਲੇ ਜਾਣ ਦਾ ਵਿਵਾਦਿਤ ਮੁੱਦਾ ਓਦੋਂ ਵਧ ਗਿਆ, ਜਦੋਂ ਵੱਡੀ ਗਿਣਤੀ ਵਿੱਚਹਿੰਦੂ ਤੇ ਸਿੱਖ ਆਪਣਾ ਪੱਖ ਰੱਖਣ ਲਈ ਐੱਸ ਡੀ ਐੱਮਦਫਤਰ ਪੁੱਜੇ ਅਤੇ ਤਹਿਸੀਲ ਕੰਪਲੈਕਸ ਵਿੱਚ ਮਾਹੌਲ ਤਣਾਅਹੋਣ ਪਿੱਛੋਂ ਪੁਲਿਸ ਤਾਇਨਾਤ ਕਰ ਦਿੱਤੀ ਗਈ। ਇਸ ਪਿੱਛੋਂਐੱਸ ਡੀ ਐੱਮਰਾਜਪੁਰਾ ਹਿਮਾਂਸ਼ੂ ਗੁਪਤਾ ਅੱਗੇ ਦੋਵਾਂ ਧਿਰਾਂ ਦੀ ਸੁਣਵਾਈ ਹੋਈ ਤਾਂ ਐੱਸ ਡੀ ਐੱਮ ਨੇ ਦੋਵਾਂ ਧਿਰਾਂ ਨੂੰ ਆਪਣੇ ਦਾਅਵੇ ਵਾਸਤੇ ਜ਼ਰੂਰੀ ਦਸਤਾਵੇਜ਼ ਪੇਸ਼ ਕਰਨ ਨੂੰ ਕਿਹਾ ਹੈ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਰਜੀਤ ਸਿੰਘ ਗੜ੍ਹੀ,ਧਰਮਾਚਾਰੀਆ ਪ੍ਰੀਸ਼ਦ ਦੇ ਪ੍ਰਧਾਨ ਅਸ਼ੋਕ ਚੱਕਰਵਰਤੀ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਪੰਡਤ ਨਰੇਸ਼ ਸ਼ਰਮਾ, ਗਊ ਰਕਸ਼ਾ ਦਲ ਵੱਲੋਂ ਸਤੀਸ਼ ਕੁਮਾਰ, ਸ਼ਿਵ ਸੈਨਾ ਆਗੂ ਸੰਜੀਵ ਕੁਮਾਰ ਰਾਜਪੁਰਾ ਤੇ ਹੋਰ ਹਿੰਦੂ ਜਥੇਬੰਦੀਆਂ ਦੇ ਲੋਕ ਵੱਡੀ ਗਿਣਤੀ ਵਿੱਚ ਪੁੱਜੇ ਹੋਏ ਸਨ।ਇਨ੍ਹਾਂ ਸੰਗਠਨਾਂ ਦਾ ਦੋਸ਼ ਹੈ ਕਿ ਏਥੇ ਰੋਜ਼ ਨਮਾਜ਼ ਸਮੇਂ ਲੋਕ ਇਕੱਠੇ ਹੁੰਦੇ ਅਤੇ ਲਾਊਡਸਪੀਕਰ ਵਜਾਉਂਦੇ ਹਨ। ਮੁਹੱਲਾ ਵਾਸੀਆਂ ਨੇ ਕਿਹਾ ਕਿ ਏਥੇ ਹਿੰਦੂ-ਸਿੱਖ ਭਾਈਚਾਰੇ ਦੇ ਲੋਕ ਹਨ, ਗੁਰੂ ਕੀ ਸਰਾਂ ਨੂੰ ਮਸਜਿਦ ਬਣਾਉਣ ਮਗਰੋਂਏਥੇ ਵੱਡੀ ਗਿਣਤੀਮੁਸਲਿਮ ਵੀ ਆ ਰਹੇ ਹਨ, ਜਿਨ੍ਹਾਂ ਵਿੱਚ ਬਹੁਤੇ ਉੱਤਰ ਪ੍ਰਦੇਸ਼ ਜਾਂ ਹਰਿਆਣਾ ਵੱਲੋਂ ਹਨ। ਇਲਾਕਾ ਨਿਵਾਸੀਆਂ ਨੇ ਦੱਸਿਆ ਕਿ ਜਦੋਂ ਤੋਂ ਗੁਰੂ ਕੀ ਸਰਾਂ ਵਾਲੀ ਜਗ੍ਹਾ ਨੂੰ ਮਸਜਿਦ ਬਣਾਇਆ ਹੈ, ਬਾਹਰੀਰਾਜਾਂ ਤੋਂ ਮੁਸਲਿਮ ਲੋਕਾਂ ਦਾ ਇਕੱਠ ਹੁੰਦਾ ਹੈ, ਨਾ ਉਨ੍ਹਾਂ ਦੀ ਪੜਤਾਲ ਅਤੇ ਨਾ ਕੋਈ ਰਿਕਾਰਡ ਰੱਖਿਆ ਜਾਂਦਾ ਹੈ। ਕੋਈ ਉੱਤਰ ਪ੍ਰਦੇਸ਼ ਦੇ ਨੰਬਰ ਦੇ ਮੋਟਰਸਾਈਕਲ ਉੱਤੇਏਥੇ ਆਉਂਦਾ ਹੈ ਤੇ ਕੁਝ ਹਰਿਆਣਾ ਦੇ ਨੰਬਰ ਵਾਲੇ ਹੁੰਦੇ ਹਨ।

ਮਸਜਿਦ ਦੇ ਇਮਾਮ ਅਬਦੁਲ ਸੱਤਾਰ ਨੇ ਦੱਸਿਆ ਕਿ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਏਥੇ ਮਸਜਿਦ ਵਿੱਚ ਗੁੱਜਰ ਪਰਿਵਾਰ ਰਹਿੰਦੇ ਸਨ ਤੇ ਇਸ ਜਗ੍ਹਾਉਨ੍ਹਾਂ ਦਾ ਕਬਜ਼ਾ ਹੈ। ਕਰੀਬ ਦੋ ਸਾਲਾਂ ਤੋਂ ਉਹ ਇਸ ਮਸਜਿਦ ਵਿੱਚ ਇਮਾਮ ਵਜੋਂ ਨਮਾਜ਼ ਅਦਾ ਕਰ ਰਿਹਾ ਹੈ।ਐੱਸ ਡੀ ਐੱਮ ਰਾਜਪੁਰਾ ਨੇ ਜੋ ਦਸਤਾਵੇਜ਼ ਮੰਗੇ ਹਨ, ਉਹ ਜਲਦੀ ਜਮ੍ਹਾਂ ਕਰਵਾ ਦੇਣਗੇ ਅਤੇ ਇਸ ਤੋਂ ਸਾਬਤ ਹੋਵੇਗਾ ਕਿ ਏਥੇ ਮਸਜਿਦ ਸੀ।ਐੱਸ ਡੀ ਐੱਮ ਹਿਮਾਂਸ਼ੂ ਗੁਪਤਾ ਨੇ ਦੱਸਿਆ ਕਿ ਇਸ ਕੇਸ ਨਾਲ ਸਬੰਧਤ ਦੋਵੇਂ ਧਿਰਾਂ ਨੂੰ ਸਾਰੇ ਦਸਤਾਵੇਜ਼ ਜਮ੍ਹਾਂ ਕਰਵਾਉਣ ਨੂੰ ਕਿਹਾ ਹੈ ਤੇਜਾਂਚ ਤੋਂ ਬਾਅਦ ਦੋਵਾਂ ਧਿਰਾਂ ਨੂੰ ਬੁਲਾਇਆ ਜਾਵੇਗਾ।ਇਸ ਦੌਰਾਨ ਸੁਰੱਖਿਆ ਬਲਾਂ ਨੂੰ ਤਾਇਨਾਤ ਕੀਤਾ ਗਿਆ ਹੈ ਤਾਂ ਜੋ ਕਾਨੂੰਨ ਵਿਵਸਥਾ ਬਣੀ ਰਹੇ।

# ਪੁਲਵਾਮਾ ਵਿਖੇ ਮੁਕਾਬਲੇ ਦੌਰਾਨ ਨਾਗਰਿਕ ਦੀ ਮੌਤ

ਸ੍ਰੀਨਗਰ, 16 ਮਈ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਪੁਲ-ਵਾਮਾ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਾਲੇ ਗੋਲੀਬਾਰੀ ਦੌਰਾਨ ਇੱਕ ਆਮ ਨਾਗਰਿਕ ਦੀ ਮੌਤ ਹੋ ਗਈ ਹੈ।

ਪੁਲਸ ਅਨੁਸਾਰ ਸ਼ੋਪੀਆਂ ਵਿੱਚ ਲਿਟਲ ਪੁਲਵਾਮਾ ਨੂੰ ਤੁਰਕਵਾਂਗਮ ਨਾਲ ਜੋੜਨ ਵਾਲੇ ਪੁਲ ਨੇੜੇ ਅੱਤਵਾਦੀਆਂ ਨੇ ਸੀ ਆਰ ਪੀ ਐਫ ਅਤੇ ਪੁਲਸ ਦੀ ਸਾਂਝੀ ਗਸ਼ਤ ਟੀਮ ਉੱਤੇ ਗੋਲੀਆਂ ਚਲਾਈਆਂ। ਇਸ ਦੌਰਾਨ ਇੱਕ ਨਾਗਰਿਕ ਜ਼ਖਮੀ ਹੋ ਗਿਆ, ਜਿਸ ਦੀ ਪਛਾਣ ਸ਼ੋਇਬ ਗਨੀ ਵਜੋਂ ਹੋਈ। ਸ਼ੋਇਬ ਦੀ ਇਲਾਜ ਦੌਰਾਨ ਮੌਤ ਹੋ ਗਈ।ਅੱਤਵਾਦੀ ਥੋੜ੍ਹਾ ਸਮਾਂ ਮੁਕਾਬਲਾ ਕਰਨ ਮਗਰੋਂ ਨੇੜਲੇ ਬਾਗਾਂ ਵੱਲ ਖਿਸਕ ਹੋ ਗਏ। ਪੁਲਸ ਨੇ ਤਲਾਸ਼ੀ ਸ਼ੁਰੂ ਕਰ ਦਿੱਤੀ ਹੈ।

ਹੋਰ ਜਾਣਕਾਰੀ ਅਨੁਸਾਰ ਜੰਮੂ ਵਿਖੇ ਕੂੜੇ ਦੇ ਢੇਰ ਵਿੱਚੋਂ ਜੰਗ ਲੱਗਾ ਮੋਰਟਾਰ ਦਾ ਖੋਲ ਮਿਲਿਆ ਹੈ। ਕੁੰਜਵਾਨੀ ਇਲਾਕੇ ਵਿੱਚ ਇੱਕ ਦੁਕਾਨ ਨੇੜੇ ਲੱਗੇ ਕੂੜੇ ਦੇ ਢੇਰ ਤੋਂ ਕਿਸੇ ਰਾਹਗੀਰ ਨੇ ਇੱਕ ਗੋਲੇ ਦਾ ਖੋਲ ਪਿਆ ਹੋਣ ਦੀ ਸੂਚਨਾ ਦਿੱਤੀ। ਬੰਬ ਵਿਰੋਧੀ ਦਸਤੇ ਨੇ ਖੋਲ ਨੂੰ ਕਬਜ਼ੇ ਵਿੱਚ ਲੈ ਲਿਆ। ਗੋਲੇ ਵਿੱਚ ਕੋਈ ਧਮਾਕਾਖੇਜ਼ ਸਮੱਗਰੀ ਨਹੀਂ ਸੀ।

# ਚੋਰਾਂ ਨੇ ਮੰਦਰ ਦੀਆਂ ਮੂਰਤੀਆਂ ਡਰ ਕੇ ਵਾਪਸ ਕੀਤੀਆਂ



ਚਿੱਤਰਕੂਟ, 16 ਮਈ (ਪੋਸਟ ਬਿਊਰੋ)- ਚਿੱਤਰਕੂਟ ਦੇ ਪ੍ਰਸਿੱਧ ਬਾਲਾਜੀ ਮੰਦਰ ਤਰੌਂਹਾ ਤੋਂ 9 ਮਈ ਨੂੰ ਚੋਰੀ ਕੀਮਤੀ ਮੂਰਤੀਆਂ ਚੋਰ ਕੱਲ੍ਹ ਮੰਦਰ ਦੇ ਮਹੰਤ ਦੇ ਘਰ ਦੇ ਬਾਹਰ ਛੱਡ ਗਏ। ਘਰ ਦੇ ਬਾਹਰ ਚੋਰਾਂ ਦੀ ਚਿੱਠੀ ਮਿਲਣ ਤੋਂ ਬਾਅਦ ਤਲਾਸ਼ੀ ਲੈਣ ਉੱਤੇ ਇੱਕ ਟੋਕਰੀ ਹੇਠਾਂ ਰੱਖੀ ਬੋਰੀ ਵਿੱਚ ਪਿੱਤਲ ਅਤੇ ਤਾਂਬੇ ਦੀਆਂ 12 ਮੂਰਤੀਆਂ ਮਿਲੀਆਂ। ਚਿੱਠੀ ਵਿੱਚ ਚੋਰਾਂ ਨੇ ਲਿਖਿਆ ਸੀ ਕਿ ਮੂਰਤੀਆਂ ਦੀ ਚੋਰੀ ਪਿੱਛੋਂ ਉਨ੍ਹਾਂ ਨੂੰ ਬੁਰੇ-ਬੁਰੇ ਸੁਫਨੇ ਆ ਰਹੇ ਸਨ।

ਸਦਰ ਕੋਤਵਾਲੀ ਦੇ ਤਰੌਂਹਾ ਵਾਲੇ ਬਾਲਾਜੀ ਮੰਦਰ ਤੋਂ 9 ਮਈ ਨੂੰ ਅਸ਼ਟਧਾਤੂ, ਪਿੱਤਲ ਅਤੇ ਤਾਂਬੇ ਦੀਆਂ 16 ਮੂਰਤੀਆਂ ਚੋਰੀ ਹੋ ਗਈਆਂ ਸਨ। ਮੰਦਰ ਦਾ ਤਾਲਾ ਤੋੜ ਕੇ ਚੋਰ ਉਥੋਂ ਪੰਜ ਕਿਲੋ ਵਜ਼ਨ ਦੀ ਅਸ਼ਟਧਾਤੂ ਦੀ ਸ੍ਰੀਰਾਮ ਤੇ ਮਾਤਾ ਸੀਤਾ ਦੀ ਮੂਰਤੀ, ਪਿੱਤਲ ਦੀ ਰਾਧਾ-ਕ੍ਰਿਸ਼ਨ ਦੀ ਮੂਰਤੀ, ਬਾਲਾਜੀ ਦੀ ਮੂਰਤੀ ਅਤੇ ਲੱਡੂ ਗੋਪਾਲ ਸਣੇ ਨਗਦੀ ਤੇ ਚਾਂਦੀ ਦਾ ਸਾਮਾਨ ਲੈ ਗਏ ਸਨ। ਚੋਰੀ ਦੇ ਮਾਮਲੇ ਵਿੱਚ ਉਦੋਂ ਨਵਾਂ ਮੋੜ ਆ ਗਿਆ, ਜਦੋਂ ਮੂਰਤੀਆਂ ਇੱਕ ਚਿੱਠੀ ਨਾਲ ਮਾਨਿਕਪੁਰ ਕਸਬੇ ਵਿੱਚ ਮਹਾਵੀਰ ਨਗਰ ਵਾਰਡ ਵਿੱਚ ਰਹਿੰਦੇ ਮੰਦਰ ਦੇ ਮਹੰਤ ਰਾਮ ਬਾਲਕ ਦਾਸ ਦੇ ਘਰ ਦੇ ਬਾਹਰ ਮਿਲੀਆਂ। ਮਹੰਤ ਨੇ ਦੱਸਿਆ ਕਿ ਸਵੇਰੇ ਉਹ ਗਾਵਾਂ ਨੂੰ ਚਾਰਾ-ਪਾਣੀ ਦੇਣ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਇੱਕ ਚਿੱਠੀ ਮਿਲੀ। ਉਸ ਵਿੱਚ ਚੋਰੀ ਕੀਤੀਆਂ ਮੂਰਤੀਆਂ ਦੇ ਬਾਰੇ ਪਛਤਾਵੇ ਦੇ ਭਾਵ ਸਨ। ਚਿੱਠੀ ਪੜ੍ਹਨ ਤੋਂ ਬਾਅਦ ਮਹੰਤ ਨੇ ਮੂਰਤੀਆਂ ਦੀ ਭਾਲ ਕੀਤੀ ਤਾਂ ਘਰ ਦੇ ਬਾਹਰ ਟੋਕਰੀ ਹੇਠਾਂ ਰੱਖੀ ਬੋਰੀ ਅੰਦਰ ਪਿੱਤਲ ਤੇ ਤਾਂਬੇ ਦੀਆਂ 12 ਮੂਰਤੀਆਂ ਮਿਲੀਆਂ।

# ਨਗਰ ਸੁਧਾਰ ਟਰੱਸਟ ਜਲੰਧਰ ਨੇ ਕੌਮਾਂਤਰੀ ਖਿਡਾਰੀ ਦਾ ਪਲਾਟ ਦੱਬ ਲਿਆ

ਜਲੰਧਰ, 16 ਮਈ (ਪੋਸਟ ਬਿਊਰੋ)- ਨਗਰ ਸੁਧਾਰ ਟਰੱਸਟ ਜਲੰਧਰ ਦੀਆਂ ਫਾਈਲਾਂ ਗੁੰਮ ਹੋਣ ਦਾ ਮੁੱਦਾ ਅਜੇ ਠੰਢਾ ਨਹੀਂ ਪਿਆ ਕਿ ਇੱਕ ਕੌਮਾਂਤਰੀ ਖਿਡਾਰੀ ਦਾ ਅੱਠ ਮਰਲੇ ਦਾ ਪਲਾਟ ਟਰੱਸਟ ਨੇ ਖੁਰਦ-ਬੁਰਦ ਕਰ ਦਿੱਤਾ ਹੋਣ ਦੀ ਗੱਲ ਨਿਕਲ ਆਉਣ ਨਾਲ ਸਨਸਨੀ ਫੈਲ ਗਈ ਹੈ।

ਮੰਡੀ ਗੋਬਿੰਦਗੜ੍ਹ ਦੇ ਵਸਨੀਕ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਹੈਮਰ ਥਰੋਅ ਅਤੇ ਪਾਵਰ ਵੇਟ ਲਿਫਟਿੰਗ ਦੇ ਕੌਮਾਂਤਰੀ ਮੁਕਾਬਲਿਆਂ ਵਿੱਚ ਹਿੱਸਾ ਲੈ ਚੁੱਕਾ ਹੈ। ਉਸਨੇ ਦੱਸਿਆ ਕਿ ਖਿਡਾਰੀਆਂ ਦੇ ਕੋਟੇ ਤਿੋਂ ਸੂਰਿਆ ਐਨਕਲੇਵ ਵਿੱਚ ਉਸ ਦਾ ਅੱਠ ਮਰਲੇ ਦਾ ਪਲਾਟ ਨਿਕਲਿਆ ਸੀ, ਪਰ ਉਸ ਨੂੰ ਅਲਾਟਮੈਟ ਪੱਤਰ ਨਹੀਂ ਮਿਲਿਆ। ਉਹਜਦੋਂ ਵੀ ਨਗਰ ਸੁਧਾਰ ਟਰੱਸਟ ਗਿਆ ਤਾਂ ਜਵਾਬ ਮਿਲਦਾ ਸੀ ਕਿ ਡਾਕ ਰਾਹੀਂ ਅਲਾਟਮੈਂਟ ਪੱਤਰ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰ-ਦਰ ਸਿੰਘ ਦੀ ਸਰਕਾਰ ਸਮੇਂ ਉਨ੍ਹਾਂ ਨੂੰ ਪਲਾਟ ਅਲਾਟ ਹੋਇਆ, ਪਰ ਅਫਸਰਾਂ ਦੀ ਬਦਨੀਤੀ ਕਾਰਨ ਉਨ੍ਹਾਂ ਦੀ ਪਲਾਟ ਫਾਈਲ ਗੁੰਮ ਹੋ ਗਈ। ਉਨ੍ਹਾਂਕਿਹਾ ਕਿ ਉਨ੍ਹਾਂ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਸਮੇਂ ਖੇਡ ਮੰਤਰੀ ਪਰਗਟ ਸਿੰਘ ਤੱਕ ਵੀ ਪਹੁੰਚ ਕੀਤੀ, ਪਰ ਉਨ੍ਹਾਂ ਨੇ ਪਲਾਟ ਦੁਆਉਣ ਵਿੱਚ ਮਦਦ ਨਹੀਂ ਕੀਤੀ।

ਇਸ ਦੌਰਾਨ ਚੀਫ ਵਿਜੀਲੈਂਸ ਅਫਸਰ ਦੀ ਜਾਂਚ ਰਿਪੋਰਟ ਉੱਤੇਨਗਰ ਸੁਧਾਰ ਟਰੱਸਟ ਜਲੰਧਰ ਦੇ ਚੇਅਰਮੈਨ ਨੂੰ ਲੋਕਲ ਡਿਸਪਲੇਸਡ ਪਰਸਨ ਦੇ ਕੋਟੇ ਦੇ ਪੰਜ ਪਲਾਟਾਂ ਦੀ ਵੰਡ ਵਿੱਚ ਗੜਬੜੀ ਦਾ ਨੋਟਿਸ ਜਾਰੀ ਹੋਇਆ ਹੈ। ਇਹਨੋਟਿਸ ਭੇਜ ਕੇ ਸਾਬਕਾ ਚੇਅਰਮੈਨ ਦਲਜੀਤ ਸਿੰਘ ਆਹਲੂਵਾਲੀਆ ਤੋਂ ਪਲਾਟਾਂ ਦੀ ਵੰਡ ਵਿੱਚ ਪੱਖਪਾਤ ਦਾ ਜਵਾਬ ਮੰਗਿਆ ਗਿਆ ਹੈ। ਇਸੇ ਕੇਸ ਵਿੱਚ ਟਰੱਸਟ ਦੇ ਸੀਨੀਅਰ ਸਹਾਇਕ ਅਜੈ ਮਲਹੋਤਰਾ ਤੇ ਜੂਨੀਅਰ ਸਹਾਇਕ ਅਨੁਜ ਰਾਏ ਨੂੰ ਸਸਪੈਂਡਕਰ ਕੇ ਇਨ੍ਹਾਂ ਦਾ ਤਬਾਦਲਾ ਹੈਡਕੁਆਰਟਰ ਚੰਡੀਗੜ੍ਹ ਕਰ ਦਿੱਤਾ ਗਿਆ ਹੈ।

# ਹਾਈ ਕੋਰਟ ਦੀ ਰਾਏ, ਬੁੱਲ੍ਹਾਂ ਨੂੰ ਚੁੰਮਣਾ ਤੇ ਪਿਆਰ ਨਾਲ ਛੂਹਣਾ ਗੈਰ-ਕੁਦਰਤੀ ਸੈਕਸ ਨਹੀਂ



ਮੁੰਬਈ, 16 ਮਈ (ਪੋਸਟ ਬਿਊਰੋ)- ਬੰਬਈ ਹਾਈ ਕੋਰਟ ਨੇ ਕਿਹਾ ਹੈ ਕਿ ਬੁੱਲ੍ਹਾਂ ਨੂੰ ਚੁੰਮਣਾ ਅਤੇ ਪਿਆਰ ਨਾਲ ਕਿਸੇ ਨੂੰ ਛੂਹਣਾ ਆਈ ਪੀ ਸੀ (ਇੰਡੀਅਨ ਪੀਨਲ ਕੋਡ) ਦੀ ਧਾਰਾ 377 ਅਧੀਨ ਗੈਰ-ਕੁਦਰਤੀ ਸੈਕਸ ਨਹੀਂ। ਇਸ ਦੇ ਨਾਲ ਹੀ ਹਾਈ ਕੋਰਟ ਨੇ ਇੱਕ ਨਾਬਾਲਗ ਮੁੰਡੇ ਨਾਲ ਸੈਕਸ ਸ਼ੋਸ਼ਣ ਦੇ ਦੋਸ਼ੀ ਨੂੰ ਜ਼ਮਾਨਤ ਦੇ ਦਿੱਤੀ।ਉਸ ਨੂੰ 14 ਸਾਲਾ ਮੁੰਡੇ ਦੇ ਪਿਤਾ ਦੀ ਸ਼ਿਕਾਇਤ ਪਿੱਛੋਂ ਪਿੱਛਲੇ ਸਾਲ ਗ੍ਰਿਫ਼ਤਾਰ ਕੀਤਾ ਗਿਆ ਸੀ।

ਮੁੰਡੇ ਦੇ ਪਿਤਾ ਨੇ ਦੇਖਿਆ ਸੀ ਕਿ ਉਸਦੀ ਅਲਮਾਰੀ ਵਿੱਚੋਂ ਪੈਸੇ ਗਾਇਬ ਹਨ। ਮੁੰਡੇ ਨੇ ਦੱਸਿਆ ਕਿ ਉਸ ਨੇ ਇਹ ਪੈਸੇ ਉਸ ਵਿਅਕਤੀ ਨੂੰ ਦਿੱਤੇ ਹਨ। ਮੁੰਡੇ ਨੇ ਕਿਹਾ ਕਿ ਉਹ ਆਨਲਾਈਨ ਗੇਮ 'ਓਲਾ ਪਾਰਟੀ' ਦਾ ਰਿਚਾਰਜ ਕਰਾਉਣ ਲਈ ਮੁੰਬਈ ਵਿੱਚ ਉਸ ਬੰਦੇ ਦੀ ਦੁਕਾਨ ਉੱਤੇ ਜਾਂਦਾ ਸੀ? ਮੁੰਡੇ ਦਾ ਦੋਸ਼ ਹੈ ਕਿ ਇੱਕ ਦਿਨ ਉਹ ਰਿਚਾਰਜ ਕਰਵਾਉਣ ਗਿਆ ਤਾਂ ਦੋਸ਼ੀ ਨੇ ਉਸ ਦੇ ਬੁੱਲ੍ਹਾਂ ਨੂੰ ਤੇ ਉਸ ਦੇ ਪ੍ਰਾਈਵੇਟ ਪਾਰਟ ਨੂੰ ਛੂਹਿਆ। ਜੱਜ ਨੇ ਦੋਸ਼ੀ ਨੂੰ ਜ਼ਮਾਨਤ ਦੇਂਦੇ ਹੋਏ ਕਿਹਾ ਕਿ ਮੁੰਡੇ ਦੀ ਮੈਡੀਕਲ ਜਾਂਚ ਦੌਰਾਨ ਸੈਕਸ ਸ਼ੋਸ਼ਣ ਦੇ ਉਸ ਦੇ ਦੋਸ਼ ਸਾਬਤ ਨਹੀਂ ਹੋਏ। ਇਸ ਕੇਸ ਵਿੱਚ ਗੈਰ-ਕੁਦਰਤੀ ਸੈਕਸ ਦੀ ਗੱਲ ਵੀ ਸਾਬਤ ਨਹੀਂ ਹੋਈ। ਦੋਸ਼ੀ ਇੱਕ ਸਾਲ ਤਕ ਜੇਲ੍ਹ ਵਿੱਚ ਰਹਿ ਚੁੱਕਾ ਹੈ ਅਤੇ ਜ਼ਮਾਨਤ ਦਾ ਹੱਕਦਾਰ ਹੈ। ਉਨ੍ਹਾਂ ਉਸ ਨੂੰ 30 ਹਜ਼ਾਰ ਰੁਪਏ ਦੇ ਨਿੱਜੀ ਮੁਚਲਕੇ ਉੱਤੇ ਜ਼ਮਾਨਤ ਦੇ ਦਿੱਤੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਸਰੂਪਾਂ ਵਾਲੇ ਕੇਸ ਦੀ ਸੁਣਵਾਈ 8 ਜੁਲਾਈ ਨੂੰ

ਅੰਮ੍ਰਿਤਸਰ, 16 ਮਈ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਲਾਪਤਾ ਹੋਏ ਸਰੂਪਾਂ ਦੇ ਕੇਸ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿੱਚ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਕੱਲ੍ਹ ਅਦਾਲਤ ਨੇ ਅਗਲੀ ਸੁਣਵਾਈ ਅੱਠ ਜੁਲਾਈ ਨੂੰ ਨਿਰਧਾਰਤ ਕੀਤੀ ਹੈ।

ਕੱਲ੍ਹ ਦੀ ਸੁਣਵਾਈ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਸਾਬਕਾ ਸਹਾਇਕ ਸੁਪਰਵਾਈਜ਼ਰ ਕੰਵਲਜੀਤ ਸਿੰਘ ਨੇ ਵੀ ਇਸੇ ਕੇਸ ਵਿੱਚ ਇੱਕ ਦਰਖ਼ਾਸਤ ਦੇ ਕੇ ਨਿਆਂ ਦੀ ਮੰਗ ਕੀਤੀ ਹੈ। ਕੇਸ ਦੀ ਸੁਣਵਾਈ ਵੇਲੇ ਪਾਰਟੀ ਆਗੂ ਇਮਾਨ ਸਿੰਘ ਮਾਨ ਨੇ ਕਿਹਾ ਕਿ 328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੇ ਅੱਜ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਅਤੇ ਨਿਆਂ ਪ੍ਰਾਪਤੀ ਲਈ ਜੁਡੀਸ਼ਲ ਕਮਿਸ਼ਨ ਵਿੱਚ ਦਰਖ਼ਾਸਤ ਦੇਣ ਪੁੱਜੇ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਸਾਬਕਾ ਸਹਾਇਕ ਸੁਪਰਵਾਈਜ਼ਰ ਕੰਵਲਜੀਤ ਸਿੰਘ ਨੇ ਇੱਕ ਐਫੀਡੇਵਿਟ ਸੌਂਪ ਕੇ ਦੋਸ਼ ਲਾਇਆ ਹੈ ਕਿ ਲਾਪਤਾ ਹੋਏ 328 ਪਾਵਨ ਸਰੂਪਾਂ ਦੇ ਕੇਸ ਵਿੱਚ ਉਸ ਨੂੰ ਸ਼ਿਕਾਰ ਬਣਾਇਆ ਗਿਆ ਹੈ, ਜਦਕਿ ਉਸ ਨੇ ਸ਼੍ਰੋਮਣੀ ਕਮੇਟੀ ਦੇ ਉਚ ਅਧਿਕਾਰੀਆਂ ਦੇ ਕਹਿਣ ਉੱਤੇ ਲੋਕਾਂ ਨੂੰ ਪਾਵਨ ਸਰੂਪ ਦਿੱਤੇ ਸਨ। ਉਸ ਨੇ ਦੋਸ਼ ਲਾਇਆ ਕਿ ਉਸ ਨੂੰ ਸੇਵਾਮੁਕਤੀ ਵੇਲੇ ਵੀ ਬਣਦੇ ਲਾਭ ਨਹੀਂ ਦਿੱਤੇ ਗਏ।

# ਨਾਜਾਇਜ਼ ਸਬੰਧਾਂ ਕਾਰਨ ਪਤੀ ਨੇ ਪਤਨੀ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕੀਤੀ

ਪੱਟੀ, 16 ਮਈ (ਪੋਸਟ ਬਿਊਰੋ)- ਪਤਨੀ ਦੇ ਨਾਜਾਇਜ਼ ਸਬੰਧਾਂ ਕਾਰਨ ਪਤੀ ਪਤਨੀ ਵਿਚਾਲੇ ਚੱਲ ਰਹੇ ਘਰੇਲੂ ਕਲੇਸ਼ ਦੌਰਾਨ ਪੇਕੇ ਘਰ ਰਹਿ ਰਹੀ ਪਤਨੀ ਨੂੰ ਅੱਧੀ ਰਾਤ ਗੋਲੀ ਮਾਰ ਕੇ ਕਤਲ ਕਰਨ ਤੋਂ ਬਾਅਦ ਪਤੀ ਨੇ ਆਪਣੇ ਆਪ ਨੂੰ ਵੀ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਸ ਇਸ ਦੀ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਹਲਕਾ ਪੱਟੀ ਦੇ ਪਿੰਡ ਕੋਟਦਾਤਾ ਵਿਖੇ ਅੱਧੀ ਰਾਤ ਪਤੀ ਨੇ ਸੁੱਤੀ ਹੋਈ ਪਤਨੀ ਦੇ ਸਿਰ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਅਤੇ ਫਿਰ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ, ਜਿਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਤਰਨਤਾਰਨ ਵਿਖੇ ਭਰਤੀ ਕਰਾਇਆ ਗਿਆ, ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।ਮ੍ਰਿਤਕਾਂ ਦੀ ਪਛਾਣ ਪਰਮਜੀਤ ਕੌਰ ਅਤੇ ਉਸ ਦੇ ਪਤੀ ਇੰਦਰਜੀਤ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਬੋਪਾਰਾਏ ਥਾਣਾ ਸਦਰ ਪੱਟੀ ਵਜੋਂ ਹੋਈ ਹੈ। ਇਸ ਬਾਰੇ ਮ੍ਰਿਤਕਾ ਪਰਮਜੀਤ ਕੌਰ ਦੀ ਮਾਤਾ ਬਲਵੀਰ ਕੌਰ ਨੇ ਦੱਸਿਆ ਕਿ ਉਸ ਦੀ ਲੜਕੀ ਦਾ ਵਿਆਹ ਕਰੀਬ ਅੱਠ ਸਾਲ ਪਹਿਲਾਂ ਇੰਦਰਜੀਤ ਸਿੰਘ ਪੁੱਤਰ ਅਮਰੀਕ ਸਿੰਘ ਨਾਲ ਹੋਇਆ ਸੀ ਜਿਨ੍ਹਾਂ ਦੀ ਸੱਤ ਸਾਲ ਦੀ ਲੜਕੀ ਹੈ ਅਤੇ ਵਿਆਹ ਤੋਂ ਅੱਜ ਤੱਕ ਦੋਵਾਂ ਦਾ ਕਲੇਸ਼ ਚੱਲਦਾ ਹੋਣ ਕਾਰਨ ਪਰਮਜੀਤ ਕੌਰ ਸਾਡੇ ਕੋਲ ਕੋਟਦਾਤਾ ਵਿਖੇ ਰਹਿ ਰਹੀ ਸੀ। ਕੱਲ੍ਹ ਰਾਤ ਇੰਦਰਜੀਤ ਸਿੰਘ ਨੇ ਪਰਮਜੀਤ ਕੌਰ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE


CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸੋਢਲ ਮੰਦਰ ਨੇੜੇ ਨਕਾਬਪੋਸ਼ ਲੁਟੇਰੇ 15000 ਲੁੱਟ ਕੇ ਲੈ ਗਏ



ਜਲੰਧਰ, 16 ਮਈ (ਪੋਸਟ ਬਿਊਰੋ)- ਕੱਲ੍ਹ ਦਿਨ ਦਿਹਾੜੇ ਪਿਸਤੌਲਧਾਰੀ ਨਕਾਬਪੋਸ਼ ਲੁਟੇਰੇ ਸੋਢਲ ਮੰਦਰ ਨੇੜੇ ਸ਼ਰਮਾ ਬੇਕਰੀ ਦੇ ਮਾਲਕ ਦੇ ਪੇਟ ਉੱਤੇ ਪਿਸਤੌਲ ਤਾਣ ਕੇ ਪੰਦਰਾਂ ਹਜ਼ਾਰ ਦੀ ਨਕਦੀ ਲੁੱਟ ਕੇ ਲੈ ਗਏ। ਥਾਣਾ-8 ਦੀ ਪੁਲਸ ਨੇ ਸੀ ਸੀ ਟੀ ਵੀ ਫੁਟੇਜ ਦੇਖੀ ਅਤੇ ਲੁਟੇਰਿਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਨਰੇਸ਼ ਸ਼ਰਮਾ ਨੇ ਦੱਸਿਆ ਕਿ ਸੋਢਲ ਮੰਦਰ ਦੇ ਬਿਲਕੁੱਲ ਸਾਹਮਣੇ ਉਨ੍ਹਾਂ ਦੀ ਬੇਕਰੀ ਦੀ ਦੁਕਾਨ ਹੈ। ਦੁਪਹਿਰੇ ਕਰੀਬ 3.00 ਵੱਜ ਕੇ 22 ਮਿੰਟ ਉੱਤੇ ਉਹ ਦੁਕਾਨ ਉੱਤੇ ਬੈਠੇ ਸਨ ਕਿ ਮੋਟਰ ਸਾਈਕਲ ਸਵਾਰ ਦੋ ਨੌਜਵਾਨ ਮਾਸਕ ਪਾਏ ਹੋਏ ਦੁਕਾਨ ਵਿੱਚ ਆਏ ਅਤੇ ਇਧਰ-ਓਧਰ ਝਾਕਣ ਲੱਗੇ। ਇਸ ਤੋਂ ਪਹਿਲਾਂ ਕਿ ਨਰੇਸ਼ ਮੁਤਾਬਕ ਕੁਝ ਸਮਝਦੇ, ਇੱਕ ਨੌਜਵਾਨ ਨੇ ਪਿਸਤੌਲ ਕੱਢ ਕੇ ਉਨ੍ਹਾਂ ਦੇ ਪੇਟ ਉੱਤੇ ਤਾਣ ਦਿੱਤੀ ਅਤੇ ਦੂਸਰਾ ਲੁਟੇਰਾ ਦੁਕਾਨ ਦੇ ਅੰਦਰ ਵੜਿਆ ਅਤੇ ਗੱਲਾ ਤੋੜ ਦਿੱਤਾ ਅਤੇ ਉਥੇ ਪਈ ਕਰੀਬ 15000 ਰੁਪਏ ਦੀ ਨਕਦੀ ਲੁੱਟ ਲਈ ਅਤੇ ਢਾਈ ਮਿੰਟ ਵਿੱਚ ਵਾਰਦਾਤ ਕਰਕੇ ਦੋਵੇਂ ਲੁਟੇਰੇ ਫਰਾਰ ਹੋ ਗਏ। ਨਰੇਸ਼ ਨੇ ਲੋਕਾਂ ਨੂੰ ਇਕੱਠਾ ਕੀਤਾ, ਪਰ ਤਦ ਤਕ ਲੁਟੇਰੇ ਦੂਰ ਜਾ ਚੁੱਕੇ ਸਨ।

## ਬਾਈਕ ਨੂੰ ਅਣਪਛਾਤੇ ਵਾਹਨ ਦੀ ਟੱਕਰ ਨਾਲ ਨੌਜਵਾਨ ਦੀ ਮੌਤ

ਜਲੰਧਰ, 16 ਮਈ (ਪੋਸਟ ਬਿਊਰੋ)- ਅੰਮ੍ਰਿਤਸਰ ਰੋਡ ਬਾਈਪਾਸ ਉੱਤੇ ਸਿੰਗਲਜ਼ ਲੇਨ ਵਿੱਚ ਜਾ ਰਹੇ ਨਗਰ ਨਿਗਮ ਦੇ ਡਰਾਈਵਰ ਦੇ ਇਕਲੌਤੇ ਪੁੱਤਰ ਦੀ ਬਾਈਕ ਨੂੰ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਬਾਈਕ ਸਵਾਰ ਦੋਵੇਂ ਨੌਜਵਾਨ ਜ਼ਖ਼ਮੀ ਹੋ ਗਏ ਅਤੇ ਡਰਾਈਵਰ ਦੇ ਬੇਟੇ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ। ਉਸ ਦੀ ਪਛਾਣ ਸਚਿਨ ਸ਼ਰਮਾ (21) ਪੁੱਤਰ ਰਾਕੇਸ਼ ਸ਼ਰਮਾ ਵਾਸੀ ਭਗਤ ਸਿੰਘ ਕਾਲੋਨੀ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਸਚਿਨ ਆਪਣੇ ਦੋਸਤ ਵਿਵੇਕ ਸ਼ਰਮਾ ਨਾਲ ਜਾ ਰਿਹਾ ਸੀ। ਜਦੋਂ ਉਨ੍ਹਾਂ ਦਾ ਬਾਈਕ ਫੇਅਰ ਫਾਰਮ ਨੇੜੇ ਗਿਆ ਤਾਂ ਇੱਕ ਅਣਪਛਾਤੇ ਵਾਹਨ ਨੇ ਉਸਦੀ ਬਾਈਕ ਨੂੰ ਟੱਕਰ ਮਾਰ ਦਿੱਤੀ। ਅਣਪਛਾਤਾ ਵਾਹਨ ਮੌਕੇ ਤੋਂ ਫ਼ਰਾਰ ਹੋ ਗਿਆ। ਰਾਹਗੀਰਾਂ ਦੀ ਮਦਦ ਨਾਲ ਦੋਹਾਂ ਨੂੰ ਹਸਪਤਾਲ ਪੁਚਾਇਆ ਗਿਆ ਤਾਂ ਓਥੇ ਸਚਿਨ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ, ਪਰ ਵਿਵੇਕ ਦਾ ਇਲਾਜ ਚੱਲ ਰਿਹਾ ਹੈ।ਸਚਿਨ ਦੋ ਭੈਣਾਂ ਦਾ ਇਕਲੌਤਾ ਭਰਾ ਹੈ।



## ਬਦਫੈਲੀ ਕਰਨ ਤੋਂ ਬਾਅਦ ਮਾਸੂਮ ਦੀ ਹੱਤਿਆ ਕਰ ਦਿੱਤੀ

ਲੁਧਿਆਣਾ, 16 ਮਈ (ਪੋਸਟ ਬਿਊਰੋ)- ਥਾਣਾ ਸਲੇਮ ਟਾਬਰੀ ਦੇ ਘੇਰੇ ਹੇਠਲੇ ਇਲਾਕੇ ਪਿੰਡ ਭੱਟੀਆਂ ਵਿੱਚ ਕੱਲ੍ਹ ਦੇਰ ਸ਼ਾਮ ਬਦਫੈਲੀ ਕਰਨ ਤੋਂ ਬਾਅਦ ਪੰਜ ਸਾਲ ਦੇ ਮਾਸੂਮ ਬੱਚੇ ਦੀ ਹੱਤਿਆ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਬੱਚੇ ਦੇ ਮਾਤਾ ਪਿਤਾ ਫੈਕਟਰੀ ਵਿੱਚ ਕੰਮ ਕਰਦੇ ਸਨ ਤੇ ਉਥੇ ਹੀ ਨੇੜੇ ਰਹਿੰਦੇ ਸਨ।

ਬੱਚੇ ਦੇ ਪਿਤਾ ਨੇ ਦੱਸਿਆ ਕਿ ਅਜੇ ਕੁਮਾਰ ਦਾ ਅਕਸਰ ਉਨ੍ਹਾਂ ਦੇ ਘਰ ਆਉਣਾ ਜਾਣਾ ਸੀ। ਕੱਲ੍ਹ ਸ਼ਾਮ ਬੱਚਾ ਘਰ ਦੇ ਬਾਹਰ ਖੇਡ ਰਿਹਾ ਸੀ। ਅਜੇ ਨੇ ਬੱਚੇ ਨੂੰ ਆਪਣੇ ਨਾਲ ਲਿਜਾ ਕੇ ਪਹਿਲਾਂ ਬਦਫੈਲੀ ਕੀਤੀ ਤੇ ਫਿਰ ਉਸਦਾ ਗਲਾ ਦਬਾ ਕੇ ਹੱਤਿਆ ਕਰ ਦਿੱਤੀ। ਦੋਸ਼ੀ ਅਜੇ ਫਰਾਰ ਦੱਸਿਆ ਜਾਂਦਾ ਹੈ। ਪੁਲਸ ਨੇ ਬੱਚੇ ਦੀ ਲਾਸ਼ ਨੇੜੇ ਦੁੱਧ ਦਾ ਗਿਲਾਸ ਅਤੇ ਕੁਝ ਖਾਣ ਦਾ ਸਾਮਾਨ ਵੀ ਬਰਾਮਦ ਕੀਤਾ ਹੈ।




# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224




# ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਠਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਗਰਮੀ ਤੋਂ ਬਚਾਅ ਲਈ ਢਾਂਚਾਗਤ ਨੀਤੀ ਬਣਾਉਣ ਦੀ ਲੋੜ

ਦੇਸ਼ ਦੇ ਕਈ ਹਿੱਸਿਆਂ, ਖਾਸ ਕਰਕੇ ਉੱਤਰ-ਪੂਰਬੀ, ਮੱਧ ਅਤੇ ਪੂਰਬੀ ਭਾਰਤ ਵਿੱਚ ਤਾਪਮਾਨ ਰਿਕਾਰਡ ਪੱਧਰ ਨੂੰ ਛੂਹ ਗਿਆ। ਗਰਮੀ ਦੀ ਇਸ ਲਹਿਰ ਕਾਰਨ ਕੁਝ ਜ਼ਿਲ੍ਹਿਆਂ ਵਿੱਚ ਦਿਨ ਦਾ ਤਾਪਮਾਨ ਕਈ ਵਾਰ 45 ਤੋਂ 50 ਡਿਗਰੀ ਦੇ ਦਾਇਰੇ ਵਿੱਚ ਰਿਹਾ।ਉੱਤਰ-ਪੂਰਬੀ ਅਤੇ ਮੱਧ ਭਾਰਤ ਵਿੱਚ ਬਹੁਤ ਜ਼ਿਆਦਾ ਗਰਮੀ ਕੋਈ ਨਵੀਂ ਗੱਲ ਨਹੀਂ ਹੈ, ਪਰ ਲੰਬੇ ਸਮੇਂ ਤੋਂ ਖੁਸ਼ਕ ਮੌਸਮ ਅਤੇ ਤਾਪਮਾਨ ਵਿੱਚ ਅਚਾਨਕ ਤਿੱਖੀ ਛਾਲ ਸ਼ੁਰੂਆਤੀ ਦਿਨਾਂ ਵਿੱਚ ਅਸੰਭਵ ਹੈ। ਮਾਨਸੂਨ ਦੇ ਆਉਣ 'ਚ ਅਜੇ ਕੁਝ ਹਫਤੇ ਬਾਕੀ ਹਨ, ਇਸ ਲਈ ਦੇਸ਼ 'ਚ ਹੋਰ ਵੀ ਗਰਮੀ ਅਤੇ ਗਰਮੀ ਦੀਆਂ ਲਹਿਰਾਂ ਬਣਨ ਦੀ ਪੂਰੀ ਸੰਭਾਵਨਾ ਹੈ।

ਗਰਮੀਆਂ ਦੀ ਕਠੋਰਤਾ ਨੇ ਬਿਜਲੀ ਦੀ ਮੰਗ ਵਿੱਚ ਭਾਰੀ ਵਾਧਾ ਕੀਤਾ, ਉਤਪਾਦਨ ਵਿੱਚ ਅੰਤਰ ਦੇ ਕਾਰਨ ਕਈ ਰਾਜਾਂ ਵਿੱਚ ਬਿਜਲੀ ਦੀ ਕਟੌਤੀ ਹੋਈ। ਇਸ ਦਾ ਕਾਰਨ ਥਰਮਲ ਪਾਵਰ ਸਟੇਸ਼ਨਾਂ ਨੂੰ ਕੋਲੇ ਦੀ ਸਪਲਾਈ ਵਿੱਚ ਕਮੀ ਦੱਸਿਆ ਜਾ ਰਿਹਾ ਹੈ। ਮਹਾਨਗਰਾਂ 'ਚ ਮੰਗ ਮੁਤਾਬਕ ਕੂਲਰ, ਏਅਰ ਕੰਡੀਸ਼ਨਰ ਘੱਟ ਪਏ ਹਨ, ਉਥੇ ਹੀ ਛੋਟੇ ਕਸਬਿਆਂ ਅਤੇ ਸ਼ਹਿਰਾਂ 'ਚ ਪਾਣੀ ਦੀ ਕਮੀ ਦੀਆਂ ਖਬਰਾਂ ਹਨ। ਪਿਛਲੇ ਸਾਲਾਂ ਵਾਂਗ ਇਸ ਵਾਰ ਵੀ ਵੱਖ-ਵੱਖ ਤਰ੍ਹਾਂ ਦੀ ਗਰਮੀ ਦੇਖਣ ਨੂੰ ਮਿਲੀ ਹੈ, ਇਸ ਬਾਰੇ ਵਿਚਾਰ ਕਰਨਾ ਠੀਕ ਨਹੀਂ ਹੋਵੇਗਾ। ਬਹੁਤ ਜ਼ਿਆਦਾ ਤਾਪਮਾਨ ਮਨੁੱਖੀ ਸਿਹਤ, ਪਸ਼ੂ ਧਨ, ਖੇਤੀਬਾੜੀ ਅਤੇ ਕਾਰੋਬਾਰ ਲਈ ਵੀ ਘਾਤਕ ਹੈ। ਇਸ ਨਾਲ ਨਜਿੱਠਣ ਲਈ ਫਰੇਮਵਰਕ ਪ੍ਰੋਗਰਾਮ ਨੀਤੀ ਬਣਾਉਣ ਦੀ ਲੋੜ ਹੈ।

ਪਹਿਲਾ ਕਦਮ ਵਿਗਿਆਨ ਨੂੰ ਮੌਜੂਦਾ ਅਤੇ ਉੱਭਰ ਰਹੀ ਵਿਗਿਆਨਕ ਸਹਿਮਤੀ ਵਜੋਂ ਸਵੀਕਾਰ ਕਰਨਾ ਚਾਹੀਦਾ ਹੈ। ਵਾਤਾਵਰਨ ਤਬਦੀਲੀ 'ਤੇ ਅੰਤਰ-ਸਰਕਾਰੀ ਪੈਨਲ () ਦੁਨੀਆ ਭਰ ਵਿੱਚ ਗਰਮੀ ਦੀਆਂ ਲਹਿਰਾਂ ਦੀ ਗਿਣਤੀ ਅਤੇ ਤੀਬਰਤਾ ਨੂੰ ਵਧਾਉਣ ਦੇ ਨਾਲ-ਨਾਲ ਲੰਬੇ ਗਰਮੀਆਂ ਅਤੇ ਛੋਟੀਆਂ ਸਰਦੀਆਂ ਬਾਰੇ ਲਗਾਤਾਰ ਚੇਤਾਵਨੀ ਦੇ ਰਿਹਾ ਹੈ। ਅਗਸਤ 2021 ਵਿੱਚ, ਆਈਪੀਸੀਸੀ ਨੇ ਆਪਣੀ ਰਿਪੋਰਟ ਵਿੱਚ ਚੇਤਾਵਨੀ ਦਿੱਤੀ ਸੀ ਕਿ ਗਲੋਬਲ ਤਾਪਮਾਨ ਵਿੱਚ 2 ਡਿਗਰੀ ਸੈਲਸੀਅਸ ਵਾਧੇ ਕਾਰਨ ਬਹੁਤ ਜ਼ਿਆਦਾ ਗਰਮੀ ਦੀ ਤੀਬਰਤਾ ਅਕਸਰ ਮਨੁੱਖੀ ਸਰੀਰ ਅਤੇ ਖੇਤੀਬਾੜੀ ਦੀ ਸਹਿਣਯੋਗ ਸਮਰੱਥਾ ਦੇ ਆਸਪਾਸ ਰਹੇਗੀ। ਹਾਲਾਂਕਿ ਤੱਟਵਰਤੀ ਖੇਤਰਾਂ ਦੇ ਤਾਪਮਾਨ 'ਚ ਵਾਧਾ ਇੰਨਾ ਜ਼ਿਆਦਾ ਨਹੀਂ ਹੋਵੇਗਾ ਪਰ ਸਮੁੰਦਰੀ ਪ੍ਰਵਾਹਾਂ ਦੇ ਤਾਪਮਾਨ 'ਚ ਬਦਲਾਅ ਕਾਰਨ ਮਨੁੱਖ ਅਤੇ ਉਨ੍ਹਾਂ ਦੀ ਸਮੁੰਦਰੀ ਰੋਜ਼ੀ-ਰੋਟੀ ਪ੍ਰਭਾਵਿਤ ਹੋਵੇਗੀ। ਸਮੁੰਦਰ ਦੇ ਥਰਮਲ ਸਿਸਟਮ ਵਿੱਚ ਤਬਦੀਲੀਆਂ ਦੇ ਨਤੀਜੇ ਵਜੋਂ ਸਮੁੰਦਰ ਦੇ ਪਾਣੀ ਦੀ ਐਸਿਡਿਟੀ ਵਿੱਚ ਵਾਧਾ ਹੋਵੇਗਾ ਅਤੇ ਆਕਸੀਜਨ ਦੇ ਪੱਧਰ ਵਿੱਚ ਕਮੀ ਆਵੇਗੀ। ਆਈਪੀਸੀਸੀ ਦੀ ਰਿਪੋਰਟ, ਜੋ ਜ਼ਰੂਰੀ ਤੌਰ 'ਤੇ ਵੱਖ-ਵੱਖ ਦੇਸ਼ਾਂ ਵਿੱਚ ਉਪਲਬਧ ਸਬੂਤਾਂ ਦਾ ਮਿਸ਼ਰਣ ਹੈ, ਚੇਤਾਵਨੀ ਦਿੰਦੀ ਹੈ ਕਿ ਸ਼ਹਿਰੀ ਖੇਤਰਾਂ ਵਿੱਚ ਜਿੱਥੇ ਪਹਿਲਾਂ ਹੀ 'ਗਰਮ ਟਾਪੂ' ਵਰਗੀਆਂ ਸਥਿਤੀਆਂ ਹਨ, ਤਾਪਮਾਨ ਵਿੱਚ ਵਾਧਾ ਗੰਭੀਰ ਹੋ ਸਕਦਾ ਹੈ।

ਜਲਵਾਯੂ ਪਰਿਵਰਤਨ ਮੁਲਾਂਕਣ ਲਈ ਭਾਰਤੀ ਨੈੱਟਵਰਕ ਦੇ ਅਨੁਸਾਰ, ਉਪਰੋਕਤ ਸਾਰੇ ਪ੍ਰਭਾਵ ਭਾਰਤ ਵਿੱਚ ਮਹਿਸੂਸ ਕੀਤੇ ਜਾਣਗੇ ਜੇਕਰ ਸਾਲਾਨਾ ਔਸਤ




ਜ਼ਮੀਨੀ ਸਤਹ ਹਵਾ ਦਾ ਤਾਪਮਾਨ 1.7 ਤੋਂ 2 ਡਿਗਰੀ ਤੱਕ ਵਧਦਾ ਹੈ। ਇਸ ਦੇ ਕਈ ਰੂਪ, ਜਿਸ ਵਿੱਚ ਮੌਸਮ ਦੇ ਅੰਤਰ ਅਤੇ ਤਾਪਮਾਨ ਦੀ ਚਰਮ ਸੀਮਾ ਦਾ ਪ੍ਰਭਾਵ ਵੀ ਸ਼ਾਮਲ ਹੈ, ਹੁਣ ਸਪਸ਼ਟ ਰੂਪ ਵਿੱਚ ਦਿਖਾਈ ਦੇ ਰਿਹਾ ਹੈ। ਹਰ ਗਰਮੀ ਦੀ ਲਹਿਰ ਲਈ ਜ਼ਿੰਮੇਵਾਰ ਵਾਤਾਵਰਨ ਤਬਦੀਲੀਆਂ ਨੂੰ ਸਮਝਣ ਲਈ, ਸਾਨੂੰ 'ਕਾਰਨ-ਕਾਰਨ' ਦੀ ਵਿਧੀ ਨੂੰ ਹੋਰ ਵਿਕਸਤ ਕਰਨ ਦੀ ਲੋੜ ਹੈ, ਪਰ ਆਮ ਅਭਿਆਸ ਵਿੱਚ, ਤਾਪਮਾਨ ਦੀ ਤੀਬਰਤਾ ਅਤੇ ਵਧਦੀ ਬਾਰੰਬਾਰਤਾ ਮਨੁੱਖ ਦੁਆਰਾ ਬਣਾਈਆਂ ਗਈਆਂ ਤਬਦੀਲੀਆਂ ਨਾਲ ਜੁੜੀ ਹੋਈ ਹੈ।

ਦੂਜਾ ਕਦਮ ਹੈ ਗਰਮੀ ਦੀ ਲਹਿਰ ਦੇ ਮਾੜੇ ਪ੍ਰਭਾਵਾਂ ਦੇ ਜੋਖਮ ਵਿੱਚ ਪਹਿਲੀ ਆਬਾਦੀ ਦੀ ਪਛਾਣ ਕਰਨਾ ਤਾਂ ਜੋ ਸਾਵਧਾਨੀ ਦੇ ਉਪਾਅ ਸ਼ੁਰੂ ਕੀਤੇ ਜਾ ਸਕਣ। ਇਸ ਕਿਸਮ ਦਾ ਮੁਲਾਂਕਣ ਵਾਤਾਵਰਨ


ਵਿਜੈ ਗਰਗ

ਤਬਦੀਲੀਆਂ 'ਤੇ ਇੱਕ ਵਿਆਪਕ ਜੋਖਮ ਮੁਲਾਂਕਣ ਰਿਪੋਰਟ ਦਾ ਹਿੱਸਾ ਹੈ। ਗਰਮੀ ਦੀਆਂ ਲਹਿਰਾਂ ਦੀ ਸਮੱਸਿਆ ਹੁਣ ਇੱਕ ਹਕੀਕਤ ਹੈ ਅਤੇ ਵਰਤਮਾਨ ਵਿੱਚ ਮੌਜੂਦ ਹੈ, ਇਸ ਲਈ ਸਭ ਤੋਂ ਵੱਧ ਪ੍ਰਭਾਵਿਤ ਰਾਜਾਂ ਅਤੇ ਜ਼ਿਲ੍ਹਿਆਂ 'ਤੇ 'ਜੋਖਮ ਮੁਲਾਂਕਣ ਅਧਿਐਨ' ਕਰਵਾਉਣ ਦੀ ਲੋੜ ਹੈ।

ਇਸਦਾ ਮੁੱਢਲਾ ਫਾਰਮੈਟ ਕੁਝ ਚੱਲ ਰਹੇ ਪ੍ਰੋਜੈਕਟਾਂ ਵਰਗਾ ਹੈ। ਉਦਾਹਰਨ ਲਈ, ਓਡੀਸ਼ਾ ਵਿੱਚ ਆਈਆਈਪੀਸੀ ਦੁਆਰਾ ਕਰਵਾਏ ਗਏ ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਝੁੱਗੀ-ਝੌਂਪੜੀ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ, ਉਹਨਾਂ ਦੇ ਘਰਾਂ ਦੀ ਬਣਤਰ, ਛੱਤ (ਟੀਨ ਜਾਂ ਐਸਬੈਸਟਸ), ਇੱਕੋ ਕਮਰੇ ਵਿੱਚ ਇੱਕ ਤੋਂ ਵੱਧ ਲੋਕ, ਬਿਜਲੀ ਦੀ ਸਪਲਾਈ ਅਤੇ ਗਰਮ ਹੋਣ ਦੇ ਆਧਾਰ 'ਤੇ। ਨਾਕਾਫ਼ੀ ਪਾਣੀ ਦੇ ਕਾਰਨ. ਤਾਪਮਾਨ 'ਤੇ -ਗਾਂਧੀਨਗਰ ਦੁਆਰਾ ਪਹਿਲਾਂ ਕੀਤਾ ਗਿਆ ਅਧਿਐਨ ਇਸ ਵਿਸ਼ੇ 'ਤੇ ਦੇਸ਼ ਵਿਆਪੀ ਜੋਖਮ ਮੁਲਾਂਕਣ ਅਧਿਐਨ ਦੀ ਜ਼ਰੂਰਤ 'ਤੇ ਜ਼ੋਰ ਦਿੰਦਾ ਹੈ। ਪ੍ਰਾਪਤ ਅੰਕੜਿਆਂ ਦੇ ਅਨੁਸਾਰ, ਇਹ ਸਿੱਟਾ ਕੱਢਿਆ ਗਿਆ ਹੈ ਕਿ ਦੇਸ਼ ਦੇ ਕੁੱਲ 640 ਜ਼ਿਲ੍ਹਿਆਂ ਵਿੱਚੋਂ 10 ਬਹੁਤ ਉੱਚ-ਜੋਖਮ ਸ਼੍ਰੇਣੀ ਵਿੱਚ ਆਉਂਦੇ ਹਨ, ਜਦਕਿ ਬਾਕੀ 97 ਜ਼ਿਲ੍ਹੇ ਉੱਚ-ਜੋਖਮ ਸ਼੍ਰੇਣੀ ਵਿੱਚ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਮੱਧ ਭਾਰਤ ਦੇ ਹਨ।

ਮਨੁੱਖੀ ਬਸਤੀਆਂ ਵਿੱਚ ਜੋਖਮ ਮੁਲਾਂਕਣ ਸਰਵੇਖਣ ਵਿੱਚ, ਭੂਗੋਲਿਕ ਸਥਿਤੀ, ਹਰਿਆਲੀ, ਹਵਾ ਦੀ ਗਤੀ ਆਦਿ ਨੂੰ ਬਾਹਰੀ ਤਾਪਮਾਨ ਨਿਰਧਾਰਤ ਕਰਨ ਵਿੱਚ ਗਿਣਿਆ ਜਾਂਦਾ ਹੈ, ਫਿਰ ਅੰਦਰੂਨੀ ਤਾਪਮਾਨ ਲਈ ਹਵਾਦਾਰੀ ਅਤੇ ਛੱਤੇ ਦੀ ਬਣਤਰ ਵਰਗੇ ਤੱਤ। ਇੱਥੋਂ ਤੱਕ ਕਿ ਸ਼ਹਿਰਾਂ ਦੇ ਅੰਦਰ, ਕੁਝ ਖੇਤਰ ਦੂਜਿਆਂ ਨਾਲੋਂ ਵਧੇਰੇ ਜੋਖਮ ਵਿੱਚ ਹੋ ਸਕਦੇ ਹਨ। ਜੋਖਮ ਨੂੰ ਘਟਾਉਣ ਲਈ, ਅਜਿਹੇ ਸਾਰੇ 'ਹੌਟ-ਪੁਆਇੰਟਸ' ਦੀ ਪਛਾਣ ਕਰਨਾ ਜ਼ਰੂਰੀ ਹੈ. ਸਮਾਜ ਦੇ ਵੱਖ-ਵੱਖ ਵਰਗਾਂ ਵਿਚ ਵੀ ਕੁਝ ਵਰਗਾਂ ਨੂੰ ਜ਼ਿਆਦਾ ਖਤਰਾ ਹੈ ਪਰ ਗਰੀਬ ਭਾਵੇਂ ਕਿਸੇ ਵੀ ਵਰਗ ਨਾਲ ਸਬੰਧਤ ਹੋਵੇ, ਉਨ੍ਹਾਂ ਨੂੰ ਜ਼ਿਆਦਾ ਖਤਰਾ ਹੈ। ਗਰਮੀ ਦਾ ਕਹਿਰ ਸਿਰਫ਼ ਇਨਸਾਨਾਂ ਨੂੰ ਹੀ ਨਹੀਂ ਝੱਲਣਾ ਪੈ ਰਿਹਾ ਹੈ, ਫ਼ਸਲਾਂ ਅਤੇ ਪਸ਼ੂ ਧਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ। ਕੁਝ ਵਿਗਿਆਨੀ ਖੇਤੀ ਉਤਪਾਦਨ 'ਤੇ ਬਦਲਦੇ ਤਾਪਮਾਨ ਦੇ ਪ੍ਰਭਾਵ ਦਾ ਅਧਿਐਨ ਕਰਨ ਲਈ ਕੰਮ ਕਰ ਰਹੇ ਹਨ। ਵਧਦੀ ਗਰਮੀ ਦਾ ਦੁੱਧ ਉਤਪਾਦਨ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ।

ਅਤਿਅੰਤ ਥਰਮਲ ਸਥਿਤੀਆਂ ਨਾਲ ਨਜਿੱਠਣ ਲਈ ਹੁਣ ਤੱਕ ਦੀ ਨੀਤੀ ਪ੍ਰਤੀਕਿਰਿਆ ਖੰਡਿਤ ਅਤੇ ਥੋੜ੍ਹੇ ਸਮੇਂ ਲਈ ਰਹੀ ਹੈ। ਪਿਛਲੇ 15 ਸਾਲਾਂ ਜਾਂ ਇਸ ਤੋਂ ਵੱਧ ਸਮੇਂ ਤੋਂ ਜਲਵਾਯੂ ਪਰਿਵਰਤਨ 'ਤੇ ਰਾਸ਼ਟਰੀ ਅਤੇ ਸੂਬਾਈ ਕਾਰਜ ਯੋਜਨਾਵਾਂ, ਇੱਕ ਚੁਣੌਤੀ ਦੇ ਤੌਰ 'ਤੇ ਅਤਿ ਦਾ ਜ਼ਿਕਰ ਕਰਨ ਦੇ ਨਾਲ, ਅਜਿਹੀਆਂ ਸਧਾਰਨ ਯੋਜਨਾਵਾਂ ਨੂੰ ਬਹੁਤ ਘੱਟ ਲਾਗੂ ਕੀਤਾ ਗਿਆ ਹੈ। ਕੁਝ ਨਗਰ ਨਿਗਮਾਂ ਨੇ ਹੀਟ ਵੇਵ ਐਕਸ਼ਨ ਪਲਾਨ ਤਿਆਰ ਕਰਨ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਹੈ, ਪਰ ਇਨ੍ਹਾਂ 'ਤੇ ਅਮਲ ਬਹੁਤ ਧੀਮਾ ਹੈ। ਪਿਛਲੇ ਸਾਲ, ਸਿਹਤ ਮੰਤਰਾਲੇ ਨੇ ਥਰਮਲ ਬਿਮਾਰੀਆਂ 'ਤੇ ਰਾਸ਼ਟਰੀ ਕਾਰਜ ਯੋਜਨਾ ਤਿਆਰ ਕੀਤੀ ਸੀ। ਰਾਜ ਸਰਕਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਗਰਮੀ ਨਾਲ ਸਬੰਧਤ ਬਿਮਾਰੀਆਂ ਦਾ ਰਿਕਾਰਡ ਰੱਖਣ ਅਤੇ ਇਸ ਨੂੰ ਏਕੀਕ੍ਰਿਤ ਰੋਗ ਨਿਗਰਾਨੀ ਪ੍ਰੋਗਰਾਮ ਲਈ ਕੇਂਦਰ ਨੂੰ ਭੇਜਣ। ਹਾਲਾਂਕਿ, ਗਰਮੀ ਪ੍ਰਬੰਧਨ 'ਤੇ ਦੋ ਵੱਖਰੀਆਂ ਯੋਜਨਾਵਾਂ ਨੂੰ ਜੋੜਨ ਵਾਲੀਆਂ ਲਚਕਤਾ ਜਾਂ ਮੱਧਮ- ਅਤੇ ਲੰਬੇ ਸਮੇਂ ਦੀਆਂ ਰਾਸ਼ਟਰੀ ਤਾਪ ਕਾਰਵਾਈ ਯੋਜਨਾਵਾਂ ਦੀ ਘਾਟ ਹੈ। ਗਰਮੀ ਦੀ ਲਹਿਰ ਦੇ ਪ੍ਰਭਾਵ ਨੂੰ ਘਟਾਉਣ ਲਈ, ਸਾਨੂੰ ਨਵੀਂ ਤਕਨੀਕ ਅਤੇ ਉਪਾਵਾਂ ਨਾਲ ਇੱਕ ਮਾਰਗਦਰਸ਼ਕ ਨਕਸ਼ਾ ਬਣਾਉਣ ਦੀ ਵੀ ਲੋੜ ਹੈ।

ਸਾਨੂੰ ਗਰਮੀ ਦੀਆਂ ਲਹਿਰਾਂ ਦੀ ਭਵਿੱਖਬਾਣੀ ਕਰਨ ਅਤੇ ਜਨਤਕ ਚੇਤਾਵਨੀਆਂ ਨੂੰ ਆਸਾਨ ਭਾਸ਼ਾ ਅਤੇ ਫਾਰਮੈਟ ਵਿੱਚ ਭੇਜਣ ਦੀ ਲੋੜ ਹੈ। ਸਰਕਾਰੀ ਏਜੰਸੀਆਂ ਨੂੰ ਚਾਹੀਦਾ ਹੈ ਕਿ ਉਹ ਗਰਮੀ ਤੋਂ ਬਚਾਉਣ ਲਈ ਆਮ ਨਾਗਰਿਕਾਂ ਅਤੇ ਕੁਝ ਉਦਯੋਗ-ਅਧਾਰਿਤ ਖੇਤਰਾਂ ਜਿਵੇਂ ਕਿ ਉਸਾਰੀ ਦੇ ਕੰਮ, ਪੇਂਡੂ ਰੁਜ਼ਗਾਰ ਅਤੇ ਸਿੱਖਿਆ ਸੰਸਥਾਵਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਕੀ ਕਰਨਾ ਹੈ ਜਾਂ ਨਹੀਂ ਕਰਨਾ ਚਾਹੀਦਾ ਹੈ, ਇਸਦੀ ਸੂਚੀ ਪਹੁੰਚਾਉਣੀ ਚਾਹੀਦੀ ਹੈ। ਕੁਝ ਸਧਾਰਨ ਉਪਾਅ, ਜਿਵੇਂ ਕਿ ਛੱਤ ਨੂੰ ਪੇਂਟ ਕਰਨਾ ਜਾਂ ਗਰਮੀ-ਇੰਸੂਲੇਟਿੰਗ ਸਮੱਗਰੀ ਨੂੰ ਲਾਗੂ ਕਰਨਾ, ਹਵਾ ਲਈ ਵਿੰਡੋਜ਼ ਦਾ ਪ੍ਰਬੰਧ, ਆਦਿ, ਅੰਦਰ ਦੇ ਤਾਪਮਾਨ ਨੂੰ ਘਟਾ ਸਕਦੇ ਹਨ। ਸਥਾਨਕ ਸਮੂਹਾਂ ਅਤੇ ਸਿਵਲ ਸੁਸਾਇਟੀ ਨੂੰ ਸ਼ਾਮਲ ਕਰਕੇ ਇਨ੍ਹਾਂ ਉਪਾਵਾਂ ਨੂੰ ਲਾਗੂ ਕਰਨਾ ਦੂਰਗਾਮੀ ਹੋਵੇਗਾ। ਗਰਮੀ ਦੀ ਲਹਿਰ ਦੇ ਪ੍ਰਭਾਵ ਨੂੰ ਘਟਾਉਣ ਦਾ ਹੱਲ ਵਾਤਾਵਰਣ ਸੁਰੱਖਿਆ ਉਪਾਵਾਂ ਜਿਵੇਂ ਕਿ ਊਰਜਾ ਦੀ ਕੁਸ਼ਲ ਵਰਤੋਂ, ਸ਼ਹਿਰੀ ਵਿਕਾਸ ਯੋਜਨਾਬੰਦੀ, ਮਸ਼ੀਨਰੀ ਦੀ ਊਰਜਾ ਕੁਸ਼ਲਤਾ, ਵਾਤਾਵਰਣ-ਅਨੁਕੂਲ ਆਰਕੀਟੈਕਚਰ ਅਤੇ ਖੇਤੀਬਾੜੀ ਨੂੰ ਬਦਲਦੇ ਮੌਸਮ ਦੇ ਅਨੁਕੂਲ ਬਣਾਉਣਾ ਆਦਿ ਨਾਲ ਸਬੰਧਤ ਹੈ।

# ਦਰਮਿਆਨੇ ਵਰਗ ਦਾ ਦਰਦ ਵੀ ਮਹਿਸੂਸ ਕਰੋ

ਅਨਿਲ ਗੁਪਤਾ 'ਤਰਾਵੜੀ'

ਇਹ ਸਭ ਦਾ ਜਾਣਿਆ ਤੱਥ ਹੈ ਕਿ ਭਾਜਪਾ ਦੀ ਆਧਾਰ ਭੂਮੀ ਹਮੇਸ਼ਾ ਤੋਂ ਦਰਮਿਆਨਾ ਵਰਗ ਰਿਹਾ ਹੈ। ਤ੍ਰਾਸਦੀ ਇਹ ਹੈ ਕਿ ਸਰਕਾਰ ਦੀਆਂ ਨੀਤੀਆਂ ਅਤੇ ਕੋਰੋਨਾ ਸੰਕਟ ਦੀ ਵੱਡੀ ਮਾਰ ਇਸੇ ਵਰਗ ਉੱਤੇ ਪਈ ਹੈ। ਕਮਜ਼ੋਰ ਵਰਗ ਲਈ ਲਿਆਂਦੀ ਗਈਆਂ ਭਲਾਈ ਯੋਜਨਾਵਾਂ ਤੋਂ ਦੇਸ਼ ਦੇ ਹੇਠਲੇ ਆਮਦਨ ਵਰਗ ਦੀ ਜ਼ਿੰਦਗੀ ਵਿੱਚ ਵੱਡੀ ਤਬਦੀਲੀ ਆਈ ਹੈ, ਪਰ ਦਰਮਿਆਨਾ ਵਰਗ ਆਪਣੇ ਜ਼ਖਮ ਪਲੋਸ ਰਿਹਾ ਹੈ। ਉਹ ਚੰਗੇ ਦਿਨਾਂ ਦੀ ਆਸ ਵਿੱਚ ਬੁਰੇ ਦਿਨਾਂ ਵਾਲਾ ਸੰਤਾਪ ਝੱਲ ਰਿਹਾ ਹੈ। ਲੋੜ ਇਸ ਗੱਲ ਦੀ ਹੈ ਕਿ ਸਰਕਾਰ ਵਿੱਚ ਬੈਠੇ ਲੋਕ ਆਮ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਸੰਵੇਦਨਸ਼ੀਲ ਹੋਣ ਅਤੇ ਉਨ੍ਹਾਂ ਵਿੱਚ ਸਮੱਸਿਆ ਦੇ ਹੱਲ ਦੀ ਇੱਛਾ ਸ਼ਕਤੀ ਹੋਵੇ।

ਕੋਰੋਨਾ ਕਾਲ ਵਿੱਚ ਕਰੋੜਾਂ ਲੋਕਾਂ ਦੇ ਰੋਜ਼ਗਾਰ ਰੁਕ ਗਏ, ਉਨ੍ਹਾਂ ਦੀ ਆਮਦਨ ਘਟ ਗਈ। ਕੌਮਾਂਤਰੀ ਏਜੰਸੀਆਂ ਅਨੁਸਾਰ 80 ਫੀਸਦੀ ਭਾਰਤੀ ਲੋਕਾਂ ਦੀ ਆਮਦਨ ਵਿੱਚ ਗਿਰਾਵਟ ਆਈ। ਆਮ ਲੋਕ ਮਹਿੰਗਾਈ ਵਧਣ ਦੇ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਘਰ ਦਾ ਬਜਟ ਹਿੱਲ ਗਿਆ। ਹੇਠਲਾ ਦਰਮਿਆਨਾ ਵਰਗ ਅਤੇ ਦਰਮਿਆਨੇ ਵਰਗ ਲਈ ਮਹਿੰਗਾਈ ਅਸਹਿਣਯੋਗ ਹੋ ਗਈ। ਇਸ ਵਰਗ ਦੀ ਆਮਦਨ ਵਿੱਚੋਂ ਪੈਟ੍ਰੋਲ, ਡੀਜ਼ਲ, ਗੈਸ, ਸਿੱਖਿਆ ਅਤੇ ਸਿਹਤ, ਮਕਾਨ ਦੀ ਕਿਸ਼ਤ ਉੱਤੇ ਖਰਚ ਪਿੱਛੋਂ ਜੋ ਬਚਦਾ ਹੈ, ਘਰ ਚਲਾਉਣ ਲਈ ਖਰਚ ਹੁੰਦਾ ਸੀ। ਉਸ ਵਿੱਚੋਂ 20 ਤੋਂ 25 ਫੀਸਦੀ ਵੱਧ ਖਰਚ ਕਰਨਾ ਪੈ ਰਿਹਾ ਹੈ। ਘਟਦਾ ਰੋਜ਼ਗਾਰ ਤੇ ਉਪਰੋਂ ਮਹਿੰਗਾਈ ਦੀ ਮਾਰ, ਇਸ ਸਥਿਤੀ ਤੋਂ ਰਾਹਤ ਦੀ ਆਸ ਘੱਟ ਹੀ ਦਿਖਾਈ ਦਿੰਦੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਦੇ ਥੋਕ ਮੁੱਲ ਆਧਾਰਿਤ ਕਰੰਸੀ ਪਸਾਰਾ 14.5 ਹੈ, ਜਿਹੜਾ ਇਸ ਵਕਤ ਇਸ ਦਹਾਕੇ ਦੇ ਸਭ ਤੋਂ ਉਪਰਲੇ ਪੱਧਰ ਉੱਤੇ ਹੈ।

ਬਿਨਾਂ ਸ਼ੱਕ ਵਿਸ਼ਵ ਪੱਧਰੀ ਕਾਰਨਾਂ ਕਰ ਕੇ ਮਹਿੰਗਾਈ ਵਧਦੀ ਹੈ। ਰੂਸ-ਯੂਕਰੇਨ ਜੰਗ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ। ਰੂਸ ਉੱਤੇ ਆਰਥਿਕ ਪਾਬੰਦੀਆਂ ਕਾਰਨ ਕੱਚੇ ਤੇਲ, ਖਾਦ, ਅਨਾਜ, ਖੁਰਾਕੀ ਤੇਲ ਅਤੇ ਧਾਤੂਆਂ ਦੀਆਂ ਕੀਮਤਾਂ ਵਿੱਚ ਉਛਾਲ ਆਇਆ। ਡਰ ਹੈ ਕਿ ਹੈ ਕਿ ਅਗਲੇ ਦਿਨਾਂ ਵਿੱਚ ਕਰੰਸੀ ਪਸਾਰਾ ਹੋਰ ਵਧ ਸਕਦਾ ਹੈ। ਰਿਜ਼ਰਵ ਬੈਂਕ ਮਹਿੰਗਾਈ ਘਟਾਉਣ ਲਈ ਵਿਆਜ ਦਰਾਂ ਵਿੱਚ ਵਾਧਾ ਕਰਦਾ ਹੈ, ਜਿਸ ਦਾ ਸਿੱਧਾ ਅਸਰ ਦਰਮਿਆਨੇ ਵਰਗ ਉੱਤੇ ਪੈਂਦਾ ਹੈ, ਉਸ ਦੀ ਈ ਐਮ ਆਈ (ਕਰਜ਼ੇ ਦੀ ਮਾਸਿਕ ਕਿਸ਼ਤ) ਵਧ ਜਾਂਦੀ ਹੈ। ਰੋਜ਼ ਦੀਆਂ ਲੋੜਾਂ, ਜਿਵੇਂ ਖਾਣ-ਪੀਣ ਤੋਂ ਲੈ ਕੇ ਖਪਤਕਾਰ, ਸਾਮਾਨ, ਕੱਪੜੇ, ਬੂਟ, ਪਹਿਰਾਵਾ-ਸਮੱਗਰੀ, ਪੈਟ੍ਰੋਲ, ਡੀਜ਼ਲ, ਰਸੋਈ ਗੈਸ ਦੇ ਭਾਅ ਅਤੇ ਸਕੂਲ ਦੀ ਫੀਸ ਆਦਿ ਬਹੁਤ ਵਧ ਗਈ ਹੈ, ਪਰ ਆਮਦਨ ਤੇ ਰੋਜ਼ਗਾਰ ਦੇ ਮੌਕੇ ਨਹੀਂ ਵਧ ਰਹੇ। ਘਟੀ ਆਮਦਨ ਤੇ ਵਧਦੀਆਂ ਕੀਮਤਾਂ ਨੇ ਦਰਮਿਆਨੇ ਵਰਗ ਨੂੰ ਲੋੜਾਂ ਘਟਾਉਣ ਲਈ ਮਜ਼ਬੂਰ ਕੀਤਾ ਹੈ।

ਸਰਕਾਰ ਚਾਹੇ ਤਾਂ ਡਾਇਰੈਕਟ ਟੈਕਸ ਦੀਆਂ ਦਰਾਂ ਘਟਾ ਕੇ ਮੱਧ ਵਰਗ ਨੂੰ ਸਹੂਲਤਾਂ ਦੇ ਸਕਦੀ ਹੈ। ਕੇਂਦਰ ਦੇ ਨਾਲ ਸੂਬਾ ਸਰਕਾਰਾਂ ਤੇਲ ਉੱਤੇ ਉਤਪਾਦਨ ਫੀਸ ਤੇ ਵੈਟ ਘਟਾ ਦੇਣ ਤਾਂ ਜਨਤਾ ਨੂੰ ਰਾਹਤ ਮਿਲ ਸਕਦੀ ਹੈ। ਸਰਕਾਰ ਸਪਲਾਈ ਦੀਆਂ ਅੜਚਣਾਂ ਦੂਰ ਕਰ ਕੇ ਉਚੀਆਂ ਕੀਮਤਾਂ ਦੇ ਦੌਰ ਤੋਂ ਪਾਰ ਲੰਘਣ ਲਈ ਮੈਨਫੈਕਰਚਰਿੰਗ ਯੂਨਿਟਾਂ ਨੂੰ ਰਾਹਤ ਦੇ ਸਕਦੀ ਹੈ। ਐਮ ਐਸ ਐਮ ਈ (ਮਾਈਕਰੋ ਅਤੇ ਛੋਟੀਆਂ ਯੂਨਿਟਾਂ) ਨੂੰ ਜੀ ਐਸ ਟੀ ਵਿੱਚ ਕੁਝ ਕਮੀ ਕਰਕੇ ਬਿਜਲੀ ਦਰ੍ਹਾਂ ਵਿੱਚ ਰਾਹਤ ਦੇ ਕੇ ਇਨਕਮ ਟੈਕਸ ਵਿੱਚ ਛੋਟ ਦੇ ਕੇ ਲੋਕਾਂ ਨੂੰ ਮਹਿੰਗਾਈ ਤੋਂ ਬਚਾ ਸਕਦੀ ਹੈ। ਚੰਗੀ ਟੈਕਸ ਕੁਲੈਕਸ਼ਨ ਸਰਕਾਰ ਨੂੰ ਫਰੀ ਹੈਂਡ ਦਿੰਦੀ ਹੈ। ਸਰਕਾਰ ਦਾ 2021-22 ਵਿੱਚ ਟੈਕਸ ਅੰਦਾਜ਼ਨ 22.17 ਲੱਖ ਕਰੋੜ ਰੁਪਏ ਸੀ, ਅੱਜ ਇਹ ਕਮਾਈ 27 ਲੱਖ ਕਰੋੜ ਰੁਪਏ ਤੋਂ ਉਪਰ ਚਲੀ ਗਈ ਹੈ ਪਰ ਦਰਮਿਆਨੇ ਵਰਗ ਦੀਆਂ ਸਮੱਸਿਆਵਾਂ ਦੇ ਪ੍ਰਤੀ ਸਰਕਾਰ ਸੁਹਿਰਦ ਨਹੀਂ ਹੈ। ਦੇਸ਼ ਵਿੱਚ ਅਪ੍ਰੈਲ 2022 ਦੇ ਦੌਰਾਨ ਜੀ ਐਸ ਟੀ ਕੁਲੈਕਸ਼ਨ 1.68 ਕਰੋੜ ਹੋਈ ਜਿਸ ਦਾ ਮੁੱਖ ਕਾਰਨ ਕੀਮਤਾਂ ਵਿੱਚ ਵਾਧਾ ਰਿਹਾ ਹੈ।

ਵੱਖ-ਵੱਖ ਤਰ੍ਹਾਂ ਯੋਜਨਾਵਾਂ ਦਾ ਲਾਭ ਦੇ ਕੇ ਸਰਕਾਰ ਖਾਸ ਕਰ ਕੇ ਗਰੀਬ ਵਰਗ ਨੂੰ ਰਾਹਤ ਦੇਣ ਵਿੱਚ ਸਫਲ ਰਹੀ ਹੈ। ਮੁਫਤ ਅਨਾਜ, ਆਯੁਸ਼ਮਾਨ ਯੋਜਨਾ, ਆਵਾਸ ਯੋਜਨਾ ਅਤੇ ਹੋਰ ਸਰਕਾਰੀ ਯੋਜਨਾਵਾਂ ਦਾ ਲਾਭ ਦਰਮਿਆਨੇ ਵਰਗ ਨੂੰ ਨਹੀਂ ਮਿਲਦਾ, ਪਰ ਜਦੋਂ ਸਰਕਾਰ ਟੈਕਸ ਵਧਾਉਂਦੀ ਜਾਂ ਮਹਿੰਗਾਈ ਵਧਦੀ ਹੈ ਤਾਂ ਦਰਮਿਆਨਾ ਵਰਗ ਆਪਣੇ ਆਪ ਨੂੰ ਲਾਚਾਰ ਮਹਿਸੂਸ ਕਰਦਾ ਹੈ, ਜਿਸ ਨੂੰ ਲਾਭ ਪਾਤਰੀ ਵਰਗ ਦੀ ਕੀਮਤ ਉੱਤੇ ਨਿਚੋੜਿਆ ਜਾ ਰਿਹਾ ਹੈ।

ਦਰਮਿਆਨਾ ਵਰਗ ਕਿਸੇ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਟੀਚਰ, ਡਾਕਟਰ ਅਤੇ ਹੋਰ ਮੈਡੀਕਲ ਸਟਾਫ, ਇੰਜੀਨੀਅਰ ਤੇ ਫੈਕਟਰੀਆਂ ਦੇ ਕਾਮੇ, ਛੋਟੇ ਤੇ ਦਰਮਿਆਨੇ ਵਪਾਰੀ, ਐਮ ਐਸ ਐਮ ਈ ਅਦਾਰੇ ਚਲਾਉਣ ਵਾਲੇ ਉਦਯੋਗਪਤੀ, ਹੋਟਲਾਂ ਵਿੱਚ ਕੰਮ ਕਰਦੇ ਮੁਲਾਜ਼ਮ, ਆਰਕੀਟੈਕਟਸ, ਸੀ ਏ, ਪੱਤਰਕਾਰ, ਕਿਸਾਨ ਆਦਿ। ਇਹ ਵਰਗ ਟੈਕਸ ਦੇ ਰੂਪ ਵਿੱਚ ਸਰਕਾਰ ਨੂੰ ਭੁਗਤਾਨ ਕਰਦਾ ਹੈ। ਕੇਂਦਰ ਤੇ ਸੂਬਾ ਸਰਕਾਰਾਂ ਕੋਲ ਇਸ ਵਰਗ ਲਈ ਕੋਈ ਪਹਿਲ ਨਹੀਂ। ਰਿਜ਼ਰਵ ਬੈਂਕ ਦੀ ਰਿਪੋਰਟ ਅਨੁਸਾਰ ਮਹਿੰਗਾਈ ਘਟਣ ਦੀ ਕੋਈ ਸੰਭਾਵਨਾ ਨਹੀਂ। ਆਮਦਨੀ ਅਤੇ ਰੋਜ਼ਗਾਰ ਦੇ ਮੌਕੇ ਨਹੀਂ ਵਧ ਰਹੇ, ਸਗੋਂ ਘਟ ਰਹੇ ਹਨ, ਜਿਸ ਨਾਲ ਪਹਿਲਾਂ ਤੋਂ ਬਦਹਾਲੀ ਹੁਣ ਕਸ਼ਟਦਾਇਕ ਹੋਈ ਹੈ।

ਇੱਕ ਅੰਦਾਜ਼ੇ ਅਨੁਸਾਰ 135 ਕਰੋੜ ਦੀ ਆਬਾਦੀ ਵਿੱਚ 80 ਕਰੋੜ ਗਰੀਬ ਹਨ, ਜਿਨ੍ਹਾਂ ਨੂੰ ਸਰਕਾਰ ਤੋਂ ਕਰੀਬ ਦੋ ਸਾਲ ਤੋਂ ਮੁਫਤ ਅਨਾਜ ਤੇ ਹੋਰ ਯੋਜਨਾਵਾਂ ਦਾ ਲਾਭ ਮਿਲ ਰਿਹਾ ਹੈ। ਇਸ ਦਾ ਅਰਥ ਹੈ ਕਿ ਸਰਕਾਰ ਨੇ 80 ਕਰੋੜ ਆਬਾਦੀ ਨੂੰ ਗਰੀਬ ਮੰਨਿਆ ਹੈ। ਦੇਸ਼ ਵਿੱਚ ਲੱਗਭਗ 10 ਕਰੋੜ ਅਮੀਰ ਤੇ ਉਚ ਦਰਮਿਆਨੇ ਵਰਗ ਵਿਚਲੇ ਲੋਕਾਂ ਦੀ ਗਿਣਤੀ ਅੱਜ ਚਾਰੇ ਪਾਸਿਓਂ ਮਾਰ ਝੱਲ ਰਹੀ ਹੈ। ਮਹਿੰਗਾਈ ਉੱਤੇ ਕਾਬੂ ਪਾਉਣ ਲਈ ਕੇਂਦਰੀ ਬੈਂਕ ਨੇ ਜਿਹੜੇ ਉਪਾਅ ਕੀਤੇ ਹਨ, ਉਸ ਨਾਲ ਮਹਿੰਗਾਈ ਥੰਮਦੀ ਨਜ਼ਰ ਨਹੀਂ ਆਈ, ਉਸ ਦੀ ਵਧ ਮਾਰ ਦਰਮਿਆਨੇ ਵਰਗ ਉੱਤੇ ਪੈ ਰਹੀ ਹੈ।

# ਦੁੱਧ ਵਾਲਾ ਦਾਖਲਾ

-ਪ੍ਰਿੰਸੀਪਲ ਵਿਜੈ ਕੁਮਾਰ

ਸਿੱਖਿਆ ਦੇ ਖੇਤਰ ਦਾ ਪੈਂਡਾ ਤੈਅ ਕਰਦਿਆਂ ਅਧਿਆਪਕ ਅਤੇ ਸਕੂਲ ਮੁਖੀ ਵਜੋਂ ਆਦਤ ਬਣ ਗਈ ਕਿ ਨਤੀਜੇ ਤੋਂ ਅਗਲੇ ਦਿਨ ਮੇਰੀ ਜਮਾਤ ਦਾ ਪਾਸ ਹੋਣ ਵਾਲਾ ਹਰ ਬੱਚਾ ਅਗਲੀ ਜਮਾਤ ਵਿੱਚ ਪੜ੍ਹਨ ਲਈ ਬੈਠਾ ਹੋਵੇ। ਆਪਣੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਇਮਤਿਹਾਨ ਖਤਮ ਹੋਣ ਦੇ ਨਾਲ ਕਹਿ ਦਿੰਦਾ ਸਾਂ ਕਿ ਅਗਲੀ ਜਮਾਤ ਵਿੱਚ ਪਹੁੰਚਣ ਵਾਲਾ ਹਰ ਬੱਚਾ ਅਗਲੇ ਦਿਨ ਮੇਰੀ ਜਮਾਤ ਵਿੱਚ ਹਾਜ਼ਰ ਹੋਵੇਗਾ। ਉੰਝ ਜਮਾਤ ਦੇ ਸਾਰੇ ਬੱਚੇ ਹਾਜ਼ਰ ਹੁੰਦੇ ਸਨ, ਪਰ ਜਿਹੜਾ ਕੋਈ ਕਿਸੇ ਕਾਰਨ ਗੈਰ ਹਾਜ਼ਰ ਹੁੰਦਾ, ਉਸ ਤੋਂ ਪੁੱਛਗਿੱਛ ਜ਼ਰੂਰ ਕਰਦਾ ਸਾਂ।

ਨਤੀਜੇ ਤੋਂ ਬਾਅਦ ਸਕੂਲ ਦਾ ਦਾਖਲਾ ਸ਼ੁਰੂ ਹੋ ਗਿਆ ਤੇ ਮੈਂ ਦਸਵੀਂ ਜਮਾਤ ਨੂੰ ਪੜ੍ਹਾ ਕੇ ਚਾਕ ਨਾਲ ਲਿੱਬੜੇ ਹੱਥ ਧੋ ਰਿਹਾ ਸੀ। ਸਕੂਲ ਦੀ ਸੇਵਾਦਾਰ ਨੇ ਆਣ ਕੇ ਕਿਹਾ, ''ਸਰ, ਅਗਲੀ ਜਮਾਤ ਵਿੱਚ ਬਾਅਦ ਵਿੱਚ ਜਾਇਓ, ਪਹਿਲਾਂ ਦਫਤਰ ਵਿੱਚ ਬੈਠੀ ਆਪਣੀ ਬੱਚੀ ਦੇ ਦਾਖਲੇ ਬਾਰੇ ਗੱਲਬਾਤ ਕਰਨ ਆਈ ਪਿੰਡ ਦੀ ਇੱਕ ਜ਼ਨਾਨੀ ਦੀ ਗੱਲ ਜ਼ਰੂਰ ਸੁਣ ਲਓ, ਉਹ ਕਾਫੀ ਦੇਰ ਤੋਂ ਤੁਹਾਡੀ ਉਡੀਕ ਕਰ ਰਹੀ ਹੈ।'' ਮੈਂ ਜਮਾਤ ਵਿੱਚ ਜਾਣ ਤੋਂ ਪਹਿਲਾਂ ਦਫਤਰ ਜਾ ਕੇ ਬੈਠਾ। ਉਥੇ ਬੈਠੀ ਇੱਕ ਬੱਚੀ ਦੀ ਮਾਂ ਨੇ ਮੈਨੂੰ ਕਿਹਾ, ''ਸਰ, ਮੈਂ ਗਗਨ ਦੀ ਮੰਮੀ ਆਂ।'' ਬੱਚੀ ਦਾ ਨਾਂਅ ਸੁਣ ਕੇ ਸਵਾਲ ਜ਼ੁਬਾਨ ਉੱਤੇ ਆ ਗਿਆ, ''ਬੱਚੀ ਸਕੂਲ ਕਿਉਂ ਨਹੀਂ ਆ ਰਹੀ? ਪੜ੍ਹਾਈ ਸ਼ੁਰੂ ਹੋ ਚੁੱਕੀ ਐ। ਸਕੂਲ ਦੀਆਂ ਅਧਿਆਪਕਾਵਾਂ ਨੇ ਆਪੋ-ਆਪਣੇ ਵਿਸ਼ੇ ਦੇ ਦੋ-ਦੋ ਪਾਠ ਵੀ ਪੜ੍ਹਾ ਦਿੱਤੇ, ਤੁਸੀਂ ਬੱਚੀ ਨੂੰ ਘਰ ਬਿਠਾਇਆ ਹੋਇਆ, ਉਹਨੂੰ ਸਕੂਲ ਕਿਉਂ ਨਹੀਂ ਭੇਜਦੇ?''

ਬੱਚੀ ਦੀ ਮਾਂ ਬਹੁਤ ਉਦਾਸ ਜਿਹੀ ਆਵਾਜ਼ ਵਿਚ ਬੋਲੀ, ''ਸਰ, ਅਸੀਂ ਬੱਚਿਆਂ ਨੂੰ ਮਾਡਲ ਸਕੂਲਾਂ ਵਿੱਚ ਨਹੀਂ ਪੜ੍ਹਾ ਸਕਦੇ। ਮੈਂ ਬੱਚੀ ਨੂੰ ਇਸ ਵਾਰ ਸਰਕਾਰੀ ਸਕੂਲ ਵਿੱਚ ਦਾਖਲ ਕਰਾ ਦੇਣਾ ਸੀ। ਹਰ ਮਹੀਨੇ ਉਹ ਜਦੋਂ ਫੀਸ ਲਈ ਕਹਿੰਦੀ ਆ, ਮੇਰੇ ਲਈ ਸਮੱਸਿਆ ਖੜ੍ਹੀ ਹੋ ਜਾਂਦੀ।''

''ਫਿਰ ਤੁਸੀਂ ਬੱਚੀ ਨੂੰ ਸਰਕਾਰੀ ਸਕੂਲ ਵਿੱਚ ਪਾਇਆ ਕਿਉਂ ਨਹੀਂ?''

''ਸਰ, ਮੇਰੀ ਧੀ ਸਰਕਾਰੀ ਸਕੂਲ ਵਿੱਚ ਪੜ੍ਹਨ ਨੂੰ ਤਿਆਰ ਨਹੀਂ, ਕਹਿੰਦੀ ਆ ਕਿ ਡਾਕਟਰ ਬਣਨਾ। ਜੇ ਸਰਕਾਰੀ ਸਕੂਲ ਵਿੱਚ ਪੜ੍ਹਾਉਣਾ ਤਾਂ ਮੈਂ ਸਕੂਲ ਜਾਣਾ ਈ ਨਹੀਂ।''

ਡਾਕਟਰ ਬਣਨ ਵਾਲੀ ਗੱਲ ਸੁਣਕੇ ਉਸ ਕੁੜੀ ਦਾ ਚਿਹਰਾ ਮੇਰੀਆਂ ਅੱਖਾਂ ਸਾਹਮਣੇ ਆ ਗਿਆ। ਉਸ ਨੂੰ ਕੋਈ ਵੀ ਸਕੂਲ ਛੱਡਣਾ ਨਹੀਂ ਚਾਹੇਗਾ। ਪੜ੍ਹਾਈ ਵਿੱਚ ਹੀ ਨਹੀਂ, ਹਰ ਗਤੀਵਿਧੀ ਵਿੱਚ ਉਹ ਸਦਾ ਮੋਹਰੀ ਬੱਚਿਆਂ ਵਿੱਚ ਹੁੰਦੀ ਹੈ। ਮੈਂ ਉਸ ਔਰਤ ਨੂੰ ਕਿਹਾ, ''ਤੁਸੀਂ ਕੁੜੀ ਲਈ ਦਾਖਲੇ ਦੇ ਪੈਸੇ ਜਮ੍ਹਾ ਕਰਾਓ, ਰਹੀ ਗੱਲ ਫੀਸ ਦੀ, ਉਹ ਮੇਰੇ ਉੱਤੇ ਛੱਡ ਦਿਓ। ਤੁਸੀਂ ਕੁੜੀ ਨੂੰ ਸਕੂਲ ਭੇਜੋ।''

ਔਰਤ ਨੇ ਅੱਗਿਓਂ ਜੋ ਜਵਾਬ ਦਿੱਤਾ, ਉਸ ਨੇ ਤ੍ਰਾਹ ਕੱਢ ਕੇ ਰੱਖ ਦਿੱਤਾ। ''ਸਰ, ਅਜੇ ਮੇਰੇ ਕੋਲ ਦਾਖਲੇ ਜੋਗੇ ਪੈਸੇ ਨਹੀਂ। ਜਿਹੜੇ ਸਾਡੇ ਕੋਲੋਂ ਦੁੱਧ ਲੈਂਦੇ ਆ, ਉਨ੍ਹਾਂ ਦੇ ਪੈਸੇ ਅਜੇ ਆਏ ਨਹੀਂ। ਜਿਸ ਦਿਨ ਉਨ੍ਹਾਂ ਦੇ ਪੈਸੇ ਆ ਗਏ, ਮੈਂ ਤੁਹਾਡੇ ਪੈਸੇ ਦੇ ਜਾਵਾਂਗੀ।''

ਮੈਂ ਫਿਰ ਹੌਸਲਾ ਦਿੱਤਾ, ''ਤੁਸੀਂ ਬੱਚੀ ਨੂੰ ਸਕੂਲ ਭੇਜੋ, ਦਾਖਲੇ ਦੇ ਪੈਸਿਆਂ ਦੀ ਸਮੱਸਿਆ ਹੱਲ ਹੋ ਜਾਵੇਗੀ।''


ਉਸ ਨੂੰ ਮੇਰੀ ਇਹ ਗੱਲ ਸ਼ਾਇਦ ਠੀਕ ਨਹੀਂ ਲੱਗੀ, ਬੋਲੀ, ''ਸਰ ਥੋੜ੍ਹਾ ਬਹੁਤ ਜ਼ਰੂਰ ਦੇਵਾਂਗੀ, ਬੱਚੇ ਨੂੰ ਐਨਾ ਤਾਂ ਫਿਕਰ ਹੋਣਾ ਚਾਹੀਦਾ ਕਿ ਮਾਪੇ ਪੜ੍ਹਾਈ ਉੱਤੇ ਖਰਚ ਕਰ ਰਹੇ ਆ, ਨਹੀਂ ਤਾਂ ਉਹ ਪੜ੍ਹਾਈ ਵਿੱਚ ਦਿਲ ਨਹੀਂ ਲਾਵੇਗੀ।''

ਮੈਂ ਉਸੇ ਵੇਲੇ ਦਾਖਲੇ ਵਾਲੀ ਅਧਿਆਪਕਾ ਨੂੰ ਬੁਲਾ ਕੇ ਬੱਚੀ ਦੀ ਸਾਰੀ ਫੀਸ ਮੁਆਫ ਕਰਨ ਨੂੰ ਕਹਿ ਦਿੱਤਾ। ਟੀਚਰ ਨੇ ਅੱਗੋਂ ਦੱਸਿਆ, ''ਸਰ, ਇਸ ਬੱਚੀ ਦੀ ਫੀਸ ਹੁਸ਼ਿਆਰ ਅਤੇ ਜ਼ਰੂਰਤਮੰਦ ਬੱਚਿਆਂ ਦੀ ਪੜ੍ਹਾਈ ਲਈ ਦਾਨਿਸ਼ਮੰਦ ਲੋਕਾਂ ਵਾਲੀ ਰਾਸ਼ੀ ਵਿੱਚੋਂ ਪਹਿਲਾਂ ਹੀ ਮੁਆਫ ਕਰ ਦਿੱਤੀ ਹੈ।''ਉਸ ਦੀ ਗੱਲ ਸੁਣ ਕੇ ਸਕੂਨ ਮਿਲਿਆ ਕਿ ਕਿਸੇ ਬੱਚੇ ਨੂੰ ਮੇਰੇ ਸਕੂਲ ਦੀ ਪੜ੍ਹਾਈ ਉੱਤੇ ਵਿਸ਼ਵਾਸ ਤਾਂ ਹੈ।

ਅਸਲ ਵਿੱਚ ਹਰ ਵਿਦਿਅਕ ਵਰ੍ਹੇ ਦੇ ਸ਼ੁਰੂ ਵਿੱਚ ਕੁਝ ਦਾਨਵੀਰ ਲੋਕਾਂ ਨੂੰ ਹਾਕ ਮਾਰ ਕੇ ਜ਼ਰੂਰਤਮੰਦ ਬੱਚਿਆਂ ਦੀ ਪੜ੍ਹਾਈ ਵਿੱਚ ਸਹਾਇਤਾ ਲਈ ਬੇਨਤੀ ਕਰ ਦੇਈਦੀ ਹੈ। ਇਹ ਲੋਕ ਹਰ ਵਰ੍ਹੇ ਇਨ੍ਹਾਂ ਬੱਚਿਆਂ ਦੀ ਬਾਂਹ ਫੜਦੇ ਹਨ। ਪੈਸਾ ਕਿਸੇ ਕੋਲ ਵੀ ਹੋ ਸਕਦਾ ਹੈ, ਪਰ ਦਾਨ ਕਰਨ ਦਾ ਜਜ਼ਬਾ ਹਰ ਕਿਸੇ ਕੋਲ ਨਹੀਂ ਹੁੰਦਾ।

ਇੱਕ ਦਿਨ ਉਹ ਬੱਚੀ ਆਪਣੇ ਦਾਖਲੇ ਦੇ ਪੈਸੇ ਦੇਣ ਆਈ, ''ਸਰ, ਇਹ ਪੈਸੇ ਮੇਰੀ ਮੰਮੀ ਨੇ ਭੇਜੇ, ਉਨ੍ਹਾਂ ਕਿਹਾ, ਦੁੱਧ ਵਾਲਿਆਂ ਦੇ ਪੈਸੇ ਆ ਗਏ।'' ਬੱਚੀ ਦੇ ਇਨ੍ਹਾਂ ਸ਼ਬਦਾਂ ਨੇ ਮੇਰੀਆਂ ਅੱਖਾਂ ਦੇ ਹੰਝੂਆਂ ਨੂੰ ਹਾਕ ਮਾਰ ਲਈ ਤੇ ਭਾਵੁਕ ਹੋ ਗਿਆ। ਬੱਚੀ ਦੇ ਚਿਹਰੇ ਵਿੱਚ ਮੈਨੂੰ ਆਪਣਾ ਚਿਹਰਾ ਦਿਖਾਈ ਦੇ ਰਿਹਾ ਸੀ। ਮੈਨੂੰ ਜ਼ਿੰਦਗੀ ਦਾ ਉਹ ਦਿਨ ਯਾਦ ਆ ਗਿਆ ਜਦੋਂ ਪਿਤਾ ਜੀ ਦੀ ਮੌਤ ਮਗਰੋਂ ਪਰਵਾਰ ਦੀ ਗਰੀਬੀ ਕਾਰਨ ਮਾਂ ਨੇ ਮੈਨੂੰ ਕਾਲਜ ਪੜ੍ਹਾਉਣ ਤੋਂ ਨਾਂਹ ਕਰ ਦਿੱਤੀ ਸੀ।...

# ਸ਼ਾਇਰ ਉਦਾਸ ਹੈ




ਬਲਵਿੰਦਰ ਸਿੰਘ ਭੁੱਲਰ ਬਹੁ ਵਿਧਾਵੀ ਲੇਖਕ ਹੈ। ਉਹ ਪੱਤਰਕਾਰ ਹੈ। ਕਹਾਣੀਕਾਰ ਹੈ। ਵਾਰਤਕ ਵੀ ਲਿਖਦਾ ਹੈ। ਕਵਿਤਾ ਦਾ ਵੀ ਸਿਰਜਕ ਹੈ। ਉਹ ਇਹਨਾਂ ਸਾਰੀਆਂ ਵਿਧਾਵਾਂ ਵਿਚ ਸਫਲਤਾ ਨਾਲ ਅੱਗੇ ਵਲ ਕਦਮ ਧਰ ਰਿਹਾ ਹੈ। 'ਸ਼ਾਇਰ ਉਦਾਸ ਹੈ' ਉਸਦਾ ਤਾਜ਼ਾ ਛਪਿਆ ਕਾਵਿ ਸੰਕਲਨ ਹੈ। ਇਹ ਕਾਵਿ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ ਵੱਲੋਂ ਖੂਬਸੂਰਤ ਢੰਗ ਨਾਲ ਛਾਪੀ ਗਈ ਹੈ। ਇਸ ਤੋਂ ਪਹਿਲਾਂ ਬਲਵਿੰਦਰ ਸਿੰਘ ਭੁੱਲਰ ਵੱਲੋਂ ''ਜੇਹਾ ਬੀਜੈ ਸੋ ਲੁਣੈ'' ਕਹਾਣੀ ਸੰਗ੍ਰਿਹ, ''ਉਡਾਰੀਆਂ ਭਰਦੇ ਲੋਕ'' ਸ਼ਬਦ ਚਿੱਤਰ ਲੇਖ ਸੰਗ੍ਰਿਹ, ''ਮੋਹ ਦੀਆਂ ਤੰਦਾਂ ਟੁਟਦੀਆਂ ਨਹੀਂ'' ਪਾਕਿਸਤਾਨੀ ਸਫ਼ਰਨਾਮਾ ਮਾਂ ਬੋਲੀ ਪੰਜਾਬੀ ਦੀ ਝੋਲੀ ਪਾ ਚੁਕਿਆ ਹੈ।

''ਸ਼ਾਇਰ ਉਦਾਸ ਹੈ'' ਪੁਸਤਕ ਵਿਚ ਉਸਦੀਆਂ 63 ਖੁੱਲੀਆਂ ਕਵਿਤਾਵਾਂ ਹਨ। ਇਹਨਾਂ ਕਵਿਤਾਵਾਂ ਵਿਚ ਲੈਅ ਅਤੇ ਰਵਾਨੀ ਹੈ। ਕੁਝ ਕੁ ਲੈਅ ਮੁਕਤ ਵੀ ਹਨ। ਸਭ ਤੋਂ ਫਖਰ ਵਾਲੀ ਗੱਲ ਇਹ ਹੈ ਕਿ ਭੁੱਲਰ ਦੀ ਕਲਮ ਲੋਕਾਈ ਦਾ ਦਰਦ ਬਿਨਾਂ ਕਿਸੇ ਡਰ ਭੈਅ ਦੇ ਬਿਆਨ ਕਰਦੀ ਹੈ। ਬਲਵਿੰਦਰ ਸਿੰਘ ਭੁੱਲਰ ਲੋਕ ਪੱਖੀ ਸੋਚ ਦਾ ਲੇਖਕ ਹੈ। ਦੇਸ਼ ਅੰਦਰ ਵਧ ਰਹੀ ਫਿਰਕਾਪ੍ਰਸਤੀ, ਕਿਸਾਨਾਂ ਮਜਦੂਰਾਂ ਦੀ ਤਰਸਯੋਗ ਹਾਲਤ, ਨਾਬਰਾਬਰੀ, ਜਾਤ ਪਾਤ ਦਾ ਵਿਤਕਰਾ, ਮਜਦੂਰਾਂ ਦਾ ਸੋਸ਼ਣ, ਔਰਤਾਂ ਨਾਲ ਅਨਿਆਂ, ਨਸ਼ਿਆ ਦਾ ਪਰਚਲਣ, ਮਹਿੰਗਾਈ, ਬੇਰੁਜ਼ਗਾਰੀ, ਡੇਰਾਵਾਦ ਅਤੇ ਅੰਧਵਿਸ਼ਵਾਸ ਆਦਿਕ ਸਮੱਸਿਆਆਵਾਂ ਤੇ ਉਸਨੇ ਖੁਲਕੇ ਲਿਖਿਆ ਹੈ। ਭੋਰਾ ਤੇ ਗੁਫਾ ਅਤੇ ਆ ਨੀ ਭੈਣੇ ਡੇਰੇ ਚੱਲੀਏ ਕਵਿਤਾਵਾਂ ਵਿਚ ਸੰਵਾਦ ਦੀ ਵਿਧੀ ਰਾਹੀਂ ਅਖੌਤੀ ਧਾਰਮਿਕ ਸਥਾਨਾਂ ਵਿਚ ਲੋਕਾਂ ਦੀ ਆਰਥਿਕ, ਜਿਸਮਾਨੀ ਅਤੇ ਮਾਨਸਿਕ ਲੁੱਟ ਦਾ ਪਰਦਾਫਾਸ਼ ਕੀਤਾ ਹੈ। ਉਹ ਇਉਂ ਸੰਵਾਦ ਰਚਾਉਂਦਾ ਹੋਇਆ ਲੋਕਾਂ ਨੂੰ ਅੰਧਵਿਸ਼ਵਾਸ਼ਾਂ ਵਿਚੋਂ ਨਿਕਲਣ ਦਾ ਸੁਨੇਹਾ ਦਿੰਦਾ ਹੈ ਅਤੇ ਤਰਕਸ਼ੀਲ ਵਿਚਾਰਾਂ ਦਾ ਹੋਕਾ ਦਿੰਦਾ ਹੈ। ਉਸਦੀ ਹਰ ਕਵਿਤਾ ਵਿਚ ਜਾਗਣ, ਜੂਝਣ ਅਤੇ ਜੁੜਨ ਦੀ ਪ੍ਰੇਰਨਾ ਹੈ।

ਉਪਰੋਕਤ ਅਲਾਮਤਾਂ ਤੋਂ ਸ਼ਾਇਰ ਉਦਾਸ ਜਾਪਦਾ ਹੈ ਪਰ ਨਿਰਾਸ਼ ਨਹੀਂ ਹੈ। ਇਹ ਕਾਵਿ ਪੁਸਤਕ ਹਰ ਸ਼ਾਇਰ ਨੂੰ ਪੜਣੀ ਚਾਹੀਦੀ ਹੈ।

*-ਤਸਵਿੰਦਰ ਸਿੰਘ ਬੜੈਚ*
*ਮੋ: 7527931887*

# ਮੁੱਖ ਮੰਤਰੀ ਭਗਵੰਤ ਮਾਨ ਦੇ ਪਿੰਡ ਤੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਦੀ ਸ਼ੁਰੂਆਤ



ਚੀਮਾ ਮੰਡੀ, 16 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜੱਦੀ ਪਿੰਡ ਸਤੌਜ ਵਿਖੇ ਕੱਲ੍ਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਆਈ ਹੋਈ ਵਿਸ਼ੇਸ਼ ਟੀਮ ਨੇ ਮੁੱਖ ਮੰਤਰੀ ਦੀ ਮਾਤਾ ਹਰਪਾਲ ਕੌਰ ਦੀ ਹਾਜ਼ਰੀ ਵਿੱਚ ਝੋਨੇ ਦੀ ਸਿੱਧੀ ਬਿਜਾਈ ਸ਼ੁਰੂ ਕੀਤੀ। ਮਾਤਾ ਹਰਪਾਲ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਪੁੱਤਰ ਨੇ ਝੋਨੇ ਦੀ ਸਿੱਧੀ ਬਿਜਾਈ ਪਿੰਡ ਸਤੌਜ ਤੋਂ ਸ਼ੁਰੂ ਕਰਨ ਦਾ ਜੋ ਫੈਸਲਾ ਲਿਆ ਹੈ, ਉਸ ਦੀ ਸ਼ਲਾਘਾ ਕਰਦੇ ਹਨ ਕਿਉਂਕਿ ਭਗਵੰਤ ਹਮੇਸ਼ਾ ਪਿੰਡ ਨਾਲ ਜੁੜਿਆ ਰਿਹਾ ਹੈ ਅਤੇ ਜੁੜਿਆ ਰਹੇਗਾ।

ਇਸ ਬਾਰੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ ਏ ਯੂ) ਦੇ ਡਾਕਟਰਾਂ ਨੇ ਦੱਸਿਆ ਕਿ ਬੀਤੇ ਸਾਲ ਛੇ ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਹੋਈ ਸੀ, ਇਸ ਵਾਰ 12 ਲੱਖ ਹੈਕਟੇਅਰ ਉੱਤੇ ਬਿਜਾਈ ਕਰਨ ਦਾ ਅਨੁਮਾਨ ਹੈ। ਝੋਨੇ ਦੀ ਸਿੱਧੀ ਬਿਜਾਈ ਵਾਸਤੇ 2677 ਡੀ ਐਸ ਆਰ ਮਸ਼ੀਨਾਂ ਦਾ ਪ੍ਰਬੰਧ ਕੀਤਾ ਗਿਆ ਹੈ, ਜਦ ਕਿ 154 ਡੀ ਐਸ ਆਰ ਮਸ਼ੀਨਾਂ ਜ਼ਿਲ੍ਹਾ ਸੰਗਰੂਰ ਨੂੰ ਦਿੱਤੀਆਂ ਗਈਆਂ ਹਨ। ਪਿੰਡ ਸਤੌਜ ਵਿਖੇ ਬਿਜਾਈ ਕਰਨ ਵਾਸਤੇ ਪੀ ਏ ਯੂ ਵੱਲੋਂ ਲੱਕੀ ਸੀਡਰ ਡੀ ਐਸ ਆਰ ਮਸ਼ੀਨ ਅਤੇ ਇੱਕ ਡੀ ਐਸ ਆਰ ਮਸ਼ੀਨ ਸਮੇਤ ਟਰੈਕਟਰ ਜਗਤਜੀਤ ਗਰੁੱਪ ਚੀਮਾ ਮੰਡੀ ਵੱਲੋਂ ਦਿੱਤਾਗਿਆ ਹੈ। ਇਸ ਸ਼ੁਰੂਆਤ ਦਾ ਕਿਸਾਨਾਂ ਨੇ ਚੰਗਾ ਹੁੰਗਾਰਾ ਦਿੱਤਾ ਹੈ।

## ਕਣਕ ਦੀ ਐਕਸਪੋਰਟ ਉਤੇ ਪਾਬੰਦੀ ਦੀ ਸੁਖਬੀਰ ਸਿੰਘ ਬਾਦਲ ਵੱਲੋਂ ਨਿਖੇਧੀ



ਚੰਡੀਗੜ੍ਹ, 16 ਮਈ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਕਣਕ ਦੀ ਐਕਸਪੋਰਟ ਉੱਤੇ ਪਾਬੰਦੀ ਲਾਉਣ ਦੇ ਫੈਸਲੇ ਦੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਖਤ ਆਲੋਚਨਾ ਕੀਤੀ ਹੈ। ਉਨ੍ਹਾਂ ਨੇ ਐਕਸਪੋਰਟ ਉੱਤੇ ਪਾਬੰਦੀ ਪਿੱਛੋਂ ਗੰਭੀਰ ਮੰਡੀ ਸੰਕਟ ਦਾ ਸਾਹਮਣਾ ਕਰ ਰਹੇ ਕਿਸਾਨਾਂ ਨੂੰ ਦੋਹਰੀ ਮਾਰ ਕਾਰਨ ਪੰਜ ਸੌ ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਦੇਣ ਦੀ ਮੰਗ ਕੀਤੀ ਅਤੇ ਕਿਹਾ ਕਿ ਐਕਸਪੋਰਟ'ਤੇ ਪਾਬੰਦੀ ਹਟਾ ਦੇਣੀ ਚਾਹੀਦੀ ਹੈ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਐਕਸਪੋਰਟ ਪਾਬੰਦੀਆਂ ਵਾਪਸ ਲੈਣਾ ਹੋਰ ਜ਼ਰੂਰੀ ਹੋ ਗਿਆ ਹੈ, ਕਿਉਂਕਿ ਮੌਸਮ ਦੇ ਅਣਕਿਆਸੇ ਉਤਾਰ-ਚੜ੍ਹਾਅ ਕਾਰਨ ਕਣਕ ਦਾ ਝਾੜ 33 ਫੀਸਦੀ ਘੱਟ ਹੋਣ ਕਾਰਨ ਪੰਜਾਬ ਦੇ ਕਿਸਾਨਾਂ ਨੂੰ ਖਾਸ ਤੌਰ ਉੱਤੇ ਵੱਡਾ ਅਤੇ ਅਸਹਿ ਝਟਕਾ ਲੱਗਾ ਹੈ। ਕੇਂਦਰ ਸਰਕਾਰ ਨੂੰ ਉਦਯੋਗ ਅਤੇ ਖੇਤੀਬਾੜੀ ਵਿੱਚ ਉਤਪਾਦਕਤਾ ਵਿੱਚ ਗਿਰਾਵਟ ਕਾਰਨ ਅਜਿਹੀਆਂ ਨੀਤੀਆਂ ਅਪਣਾਉਣੀਆਂ ਚਾਹੀਦੀਆਂ ਹਨ। ਸਟੀਲ ਦੇ ਉਤਪਾਦਨ ਵਿੱਚ ਗਿਰਾਵਟ ਦੀ ਮਿਸਾਲ ਦਿੰਦੇ ਹੋਏ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਤਪਾਦਨ ਵਿੱਚ ਗਿਰਾਵਟ ਦੇ ਨਤੀਜੇ ਵਜੋਂ ਸਟੀਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ, ਪਰ ਸਟੀਲ ਉੱਤੇ ਕੋਈ ਨਿਰਧਾਰਤ ਪਾਬੰਦੀਆਂ ਨਹੀਂ ਹਨ।

## ਕੇਂਦਰ ਵੱਲੋਂ ਕਣਕ ਐਕਸਪੋਰਟ ਉੱਤੇ ਰੋਕ ਮਗਰੋਂ ਪੰਜਾਬ ਸਰਕਾਰ ਨੇ ਨਵਾਂ ਫ਼ੈਸਲਾ ਲਿਆ

* ਸੂਬੇ ਦੀਆਂ 232 ਮੰਡੀਆਂ 31 ਮਈ ਤਕ ਚਾਲੂ ਰਹਿਣਗੀਆਂ



ਚੰਡੀਗੜ੍ਹ, 16 ਮਈ (ਪੋਸਟ ਬਿਊਰੋ)- ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕੱਲ੍ਹ ਪੰਜਾਬ ਦੀਆਂ 232 ਮੰਡੀਆਂ ਵਿੱਚ ਕਣਕ ਦੀ ਖ਼ਰੀਦ ਦਾ ਕਾਰਜ 31 ਮਈ ਤਕ ਜਾਰੀ ਰੱਖਣ ਦੇ ਹੁਕਮ ਦਿੱਤੇ ਹਨ। ਇਹ ਐਲਾਨ ਕੇਂਦਰੀ ਵਣਜ ਮੰਤਰਾਲੇ ਵੱਲੋਂ ਕਣਕ ਦੀ ਐਕਸਪੋਰਟ ਉੱਤੇ ਰੋਕ ਲਾਉਣ ਬਾਰੇਇੱਕ ਦਿਨ ਪਹਿਲਾਂ ਲਏ ਫ਼ੈਸਲੇ ਦੇ ਪ੍ਰਭਾਵਾਂ ਨੂੰ ਧਿਆਨ ਨਾਲ ਘੋਖਣ ਤੋਂ ਬਾਅਦ ਕੀਤਾ ਗਿਆ ਹੈ।

ਇਸ ਸੰਬੰਧ ਵਿੱਚ ਪੰਜਾਬ ਦੇ ਮੰਤਰੀ ਲਾਲ ਚੰਦ ਕਟਾਰੂਚੱਕਨੇ ਕਿਹਾ ਕਿ ਕਣਕ ਦੀ ਐਕਸਪੋਰਟ ਉੱਤੇ ਰੋਕ ਦੇ ਨਤੀਜੇ ਵਜੋਂ ਘਰੇਲੂ ਮੰਡੀ ਵਿੱਚ ਵੀ ਕਣਕ ਦੀਆਂ ਕੀਮਤਾਂ ਹੇਠਾਂ ਆਉਣ ਦੀ ਸੰਭਾਵਨਾ ਹੈ। ਨਤੀਜੇ ਵਜੋਂ ਕੁਝ ਕਿਸਾਨ, ਜਿਨ੍ਹਾਂ ਨੇ ਬਾਅਦ ਵਿੱਚ ਚੰਗੇ ਭਾਅ ਮਿਲਣ ਦੀ ਆਸ ਵਿੱਚ ਫ਼ਸਲ ਸਟੋਰ ਕੀਤੀ ਸੀ, ਨੂੰ ਸ਼ਾਇਦ ਸੋਚ-ਵਿਚਾਰ ਕੇ ਅਪਣੀ ਫ਼ਸਲ ਵੇਚਣੀ ਪਵੇਗੀ, ਇਸ ਲਈ ਇਹ ਵੱਧ ਮਹੱਤਵਪੂਰਨ ਹੈ ਕਿ ਐਮ ਐਸ ਪੀ (ਘੱਟੋ-ਘੱਟ ਖਰਦਿ ਕੀਮਤ) ਉੱਤੇ ਸਰਕਾਰੀ ਖਰੀਦ ਦੀ ਸਹੂਲਤ ਉਨ੍ਹਾਂ ਲਈ ਉਪਲਬਧ ਰਹੇ ਤਾਂ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਹੋਵੇ। ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਮੌਜੂਦਾ ਹਾੜ੍ਹੀ ਦੇ ਸੀਜ਼ਨ ਦੌਰਾਨ ਸੂਬੇ ਵਿੱਚ 2292 ਮੰਡੀਆਂ ਚਲਾਈਆਂ ਸਨ, ਪਰ ਕੁਝ ਥਾਈਂ ਕਣਕ ਦੀ ਆਮਦ ਵਿੱਚ ਆਈ ਗਿਰਾਵਟ ਕਾਰਨ ਬੀਤੇ ਦਿਨਾਂ ਵਿੱਚ 2060 ਮੰਡੀਆਂ ਨੂੰ ਯੋਜਨਾਬੱਧ ਅਤੇ ਪੜਾਅਵਾਰ ਤਰੀਕੇ ਨਾਲ ਬੰਦ ਕਰ ਦਿੱਤਾ ਗਿਆ ਹੈ, ਪਰ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ 232 ਮੰਡੀਆਂ ਚਾਲੂ ਹਨ।

## ਕੁੱਟਮਾਰ ਕਾਰਨ ਵਿਅਕਤੀ ਦੀ ਮੌਤ ਦੇ ਕੇਸ ਵਿੱਚ ਪੰਜ ਜਣੇ ਨਾਮਜ਼ਦ

ਅੰਮ੍ਰਿਤਸਰ, 16 ਮਈ (ਪੋਸਟ ਬਿਊਰੋ)- ਥਾਣਾ ਇਸਲਾਮਾਬਾਦ ਦੇ ਇਲਾਕੇ ਵਿੱਚ ਵਿਆਹ ਦੇ ਮੁੱਦੇ ਤੋਂ ਇੱਕ ਵਿਅਕਤੀ ਦੀ ਕੀਤੀ ਗਈ ਕੁੱਟਮਾਰ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਇਸ ਮਾਮਲੇ ਵਿੱਚ ਪੰਜ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ, ਪਰ ਹਾਲਤੇ ਕੋਈ ਗ੍ਰਿਫਤਾਰੀ ਨਹੀਂ ਹੋਈ। ਮ੍ਰਿਤਕ ਦੀ ਪਛਾਣ ਪ੍ਰੀਤ ਵਜੋਂ ਹੋਈ ਹੈ।

ਪੁਲਸ ਮੁਤਾਬਕ ਪ੍ਰੀਤ ਇੱਥੇ ਕੋਟ ਖਾਲਸਾ ਇਲਾਕੇ ਦੇ ਆਜ਼ਾਦ ਨਗਰ ਬਾਜ਼ਾਰ ਵਿਚ ਸੁਖਜਿੰਦਰ ਸਿੰਘ ਦੇ ਘਰ ਕਿਰਾਏਦਾਰ ਵਜੋਂ ਰਹਿੰਦਾ ਸੀ। ਉਸ ਦੇ ਰਾਜੀ ਉਰਫ ਮੁਸਕਾਨ ਨਾਲ ਪ੍ਰੇਮ ਸੰਬੰਧ ਸਨ। ਬੀਤੀ ਰਾਤ ਲਗਭਗ ਸਾਢੇ 12 ਵਜੇ ਉਹ ਰਾਜੀ ਨੂੰ ਮਿਲਣ ਗਿਆ ਅਤੇ ਉਸ ਨੂੰ ਵਿਆਹ ਲਈ ਮਜਬੂਰ ਕੀਤਾ ਅਤੇ ਇਸੇ ਗੱਲ ਤੋਂ ਉਸ ਦੀ ਕੁੱਟਮਾਰ ਕੀਤੀ ਗਈ। ਕੁੱਟਮਾਰ ਵੇਲੇ ਤੇਜ਼ਧਾਰ ਹਥਿਆਰ ਅਤੇ ਲੋਹੇ ਦੀ ਰਾਡ ਦੀ ਵੀ ਵਰਤੋਂ ਕੀਤੀ ਗਈ। ਇਸ ਕਾਰਨ ਉਹ ਜ਼ਖਮੀ ਹੋ ਗਿਆ ਅਤੇ ਬੇਹੋਸ਼ ਹੋ ਕੇ ਡਿੱਗ ਪਿਆ।ਬਾਅਦ ਵਿੱਚ ਉਸ ਨੂੰ ਸਿਵਲ ਹਸਪਤਾਲ ਇਲਾਜ ਵਾਸਤੇ ਲਿਜ-ਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

## ਪੰਜਾਬ ਵਿੱਚ ਮੂੰਗੀ ਦੀ ਖੇਤੀ ਵਾਲਾ ਰਕਬਾ ਦੂੱਗਣਾ ਹੋਇਆ



ਚੰਡੀਗੜ੍ਹ, 16 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਸਰਕਾਰ ਲਈ ਖ਼ੁਸ਼ਖਬਰੀ ਹੈ ਕਿ ਪੰਜਾਬ ਵਿੱਚ ਇਸ ਵਾਰ ਮੂੰਗੀ ਦੀ ਖੇਤੀ ਹੇਠ ਰਕਬਾ ਦੁੱਗਣਾ ਹੋ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਫਸਲੀ ਵੰਨਸੁਵੰਨਤਾ ਲਈ 17 ਅਪ੍ਰੈਲ ਨੂੰ ਕਿਸਾਨ ਧਿਰਾਂ ਨਾਲ ਮੀਟਿੰਗ ਦੌਰਾਨ ਮੂੰਗੀ ਦੀ ਫਸਲ ਉੱਤੇ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੇਣ ਦਾ ਐਲਾਨ ਕੀਤਾ ਸੀ। ਮੂੰਗੀ ਦੀ ਖਰੀਦ ਲਈ ਆਉਂਦੇ ਦਿਨਾਂ ਵਿੱਚ ਮਾਰਕਫੈਡ ਨੂੰ ਨੋਡਲ ਏਜੰਸੀ ਐਲਾਨਿਆ ਜਾਣਾ ਹੈ। ਪੰਜਾਬ ਵਿੱਚ ਐਤਕੀਂ 97,250 ਏਕੜ ਰਕਬੇ ਵਿੱਚ ਮੂੰਗੀ ਦੀ ਕਾਸ਼ਤ ਕੀਤੀ ਗਈ ਹੈ, ਜਦੋਂ ਕਿ ਪਿਛਲੇ ਸਾਲ 2021 ਵਿੱਚ ਇਹ ਰਕਬਾ ਕਰੀਬ ਪੰਜਾਹ ਹਜ਼ਾਰ ਏਕੜ ਬਣਿਆ ਸੀ।

ਪੰਜਾਬ ਵਿੱਚੋਂ ਮਾਲਵਾ ਖਿੱਤੇ ਵਿੱਚ ਮੂੰਗੀ ਦੀ ਖੇਤੀ ਵਧੀ ਹੈ। ਖਾਸ ਕਰ ਕੇ ਆਲੂ ਵਾਲੀਆਂ ਜ਼ਮੀਨਾਂ ਵਿੱਚ ਮੂੰਗੀ ਦੀ ਖੇਤੀ ਨੂੰ ਪਹਿਲ ਦਿੱਤੀ ਗਈ ਹੈ। ਬਠਿੰਡਾ ਜ਼ਿਲੇ ਦੇ ਪਿੰਡ ਸੇਲਬਰਾਹ ਵਿੱਚ ਸੈਂਕੜੇ ਰਕਬੇ ਵਿੱਚ ਮੂੰਗੀ ਦੀ ਖੇਤੀ ਹੋਈ ਹੈ।ਸਰਕਾਰ ਨੇ ਮੂੰਗੀ ਦੇ ਲਈ ਐਮ ਐਸ ਪੀ 7275 ਰੁਪਏ ਪ੍ਰਤੀ ਕੁਇੰਟਲ ਰੱਖੀ ਹੈ। ਮੂੰਗੀ ਦੀ ਬਿਜਾਈ ਬਾਰੇ ਪੰਜਾਬ ਵਿੱਚੋਂ ਮਾਨਸਾ ਜ਼ਿਲ੍ਹਾ ਅੱਵਲ ਰਿਹਾ ਹੈ। ਇਸ ਜ਼ਿਲ੍ਹੇ ਵਿੱਚ 25,000 ਏਕੜ ਰਕਬੇ ਵਿੱਚ ਮੂੰਗੀ ਦੀ ਬਿਜਾਈ ਹੋਈ, ਜੋ ਕਿ ਪੰਜਾਬ ਦੀ ਕੁੱਲ ਖੇਤੀ ਦਾ ਕਰੀਬ 25 ਫੀਸਦੀ ਹੈ। ਇਸੇ ਤਰ੍ਹਾਂ ਮੋਗੇ ਵਿੱਚ 12,750 ਏਕੜ (5100 ਹੈਕਟੇਅਰ) ਅਤੇ ਲੁਧਿਆਣਾ ਵਿੱਚ 10,750 ਏਕੜ (4300 ਹੈਕਟੇਅਰ) ਰਕਬਾ ਇਸ ਫਸਲ ਦੀ ਕਾਸ਼ਤ ਹੇਠ ਹੈ। ਬਠਿੰਡਾ ਜ਼ਿਲ੍ਹੇ ਵਿੱਚ 9500 ਏਕੜ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ 8750 ਏਕੜ ਰਕਬੇ ਵਿੱਚ ਮੂੰਗੀ ਦੀ ਖੇਤੀ ਹੋਈ ਹੈ। ਮੂੰਗੀ ਦਾ ਬੀਜ ਐਤਕੀਂ 100 ਤੋਂ 150 ਰੁਪਏ ਪ੍ਰਤੀ ਕਿਲੋ ਤਕ ਵਿਕਿਆ ਹੈ। ਇਸ ਵਾਰ ਮੂੰਗੀ ਨੂੰ ਪਈ ਸੁੰਡੀ ਦੀ ਮਾਰ ਕੰਟਰੋਲ ਹੇਠ ਹੈ ਅਤੇ ਮੀਂਹ ਨਾ ਪੈਣ ਕਰ ਕੇ ਮੂੰਗੀ ਵਾਲੇ ਕਿਸਾਨ ਤਸੱਲੀ ਵਿੱਚ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕੱਲ੍ਹ ਇੱਥੇ ਕਿਹਾ ਕਿ ਸਰਕਾਰ ਮੂੰਗੀ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਣ ਲਈ ਵਚਨਬੱਧ ਹੈ, ਪਰ ਇਸ ਨਾਲ ਸ਼ਰਤ ਹੋਵੇਗੀ ਕਿ ਕਿਸਾਨਾਂ ਨੂੰ ਮੂੰਗੀ ਵੱਢਣ ਪਿੱਛੋਂ ਉਸੇ ਖੇਤ ਵਿੱਚ ਝੋਨੇ ਦੀ 126 ਕਿਸਮ ਜਾਂ ਬਾਸਮਤੀ ਦੀ ਬਿਜਾਈ ਕਰਨੀ ਪਵੇਗੀ ਕਿਉਂਕਿ ਇਹ ਦੋਵੇਂ ਫਸਲਾਂ ਪੱਕਣ ਲਈ ਬਹੁਤ ਘੱਟ ਸਮਾਂ ਲੈਂਦੀਆਂ ਹਨ।

## ਦੁਬਈ ਤੋਂ ਮੁੜੇ ਵਿਅਕਤੀ ਕੋਲੋਂ ਹਵਾਈ ਅੱਡੇ ਉੱਤੇ 30 ਲੱਖ ਦਾ ਸੋਨਾ ਮਿਲਿਆ



ਰਾਜਾਸਾਂਸੀ, 16 ਮਈ (ਪੋਸਟ ਬਿਊਰੋ)- ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਪੁੱਜੇ ਇੱਕ ਯਾਤਰੀ ਨੇ ਹਵਾਈ ਅੱਡੇ ਦੇ ਦੋ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਸੋਨੇ ਦੀ ਖੇਪ ਨੂੰ ਆਪਣੇ ਘਰ ਲੁਧਿਆਣਾ ਤਕ ਪਹੁੰਚਾਉਣ ਵਿੱਚ ਸਫ਼ਲਤਾ ਹਾਸਲ ਕਰ ਲਈ, ਪਰ ਹਵਾਈ ਅੱਡੇ ਦੀ ਕਸਟਮ ਵਿਭਾਗ ਦੀ ਟੀਮ ਨੇ ਉਸ ਯਾਤਰੀ ਦੀ ਪੈੜ ਨਪਦਿਆਂ ਛਾਪਾ ਮਾਰਕੇ ਯਾਤਰੀ ਦੇ ਘਰੋਂ ਪੈਕ ਸਾਮਾਨ ਵਿੱਚੋਂ 587 ਗ੍ਰਾਮ ਸੋਨਾ ਠੋਸ ਰੂਪ ਵਿੱਚ ਕੱਢਵਾ ਲਿਆ, ਜਿਸ ਦੀ ਬਾਜ਼ਾਰੀ ਕੀਮਤ ਕਰੀਬ 30 ਲੱਖ ਰੁਪਏ ਦੱਸੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਉੱਤੇਦੁਬਈ ਤੋਂ ਅੰਮ੍ਰਿਤਸਰ ਆਏ ਯਾਤਰੀ ਗੁਰਜੀਤ ਸਿੰਘ ਵਾਸੀ ਲੁਧਿਆਣਾ ਦੇ ਅੰਮ੍ਰਿਤਸਰ ਹਵਾਈ ਅੱਡੇਪਹੁੰਚਣ ਉੱਤੇ (ਇਮੀਗ੍ਰੇਸ਼ਨ ਅਤੇ ਕਸਟਮ ਰਸਮਾਂ ਤੋਂ ਪਹਿਲਾਂ) ਉਸ ਨੇ ਅੰਮ੍ਰਿਤਸਰ ਹਵਾਈ ਅੱਡੇ ਉੱਤੇ 3ਡੀ ਲਿਮਟਿਡ ਕੰਪਨੀ ਵਿੱਚ ਏਅਰੋ ਬ੍ਰਿਜ ਅਪ੍ਰੇਟਰ ਡੈਨੀਅਲ ਮਸੀਹ ਨੂੰ ਕੁਝ ਸੋਨਾ ਸੌਂਪਿਆ ਸੀ ਤੇ ਉਸਦੀ ਮਦਦ ਨਾਲ ਉਹ ਸੋਨਾ ਲੈ ਕੇ ਲੁਧਿਆਣੇ ਤਕ ਲਿਜਾਣ ਵਿੱਚ ਸਫਲ ਹੋ ਗਿਆ। ਬਾਅਦ ਵਿੱਚ ਡੈਨੀਅਲ ਮਸੀਹ ਨੂੰ ਕਸਟਮ ਅਥਾਰਟੀ ਨੇ ਏਅਰਪੋਰਟ ਉੱਤੇ ਕਾਬੂ ਕਰ ਲਿਆ ਤਾਂ ਉਸ ਨੇ ਦੱਸਿਆ ਕਿ ਜੋ ਸੋਨਾ ਉਸ ਨੂੰ ਯਾਤਰੀ ਨੇ ਦਿੱਤਾ, ਉਹ ਅੰਮ੍ਰਿਤਸਰ ਏਅਰਪੋਰਟ ਦੇ ਬਾਹਰ ਗੁਰਪ੍ਰੀਤ ਸਿੰਘ ਨੂੰ ਦਿੱਤਾ ਸੀ। ਗੁਰਪ੍ਰੀਤ ਸਿੰਘ ਵੀ 3-ਡੀ ਲਿਮਟਿਡ ਵਿੱਚ ਅੰਮ੍ਰਿਤਸਰ ਏਅਰਪੋਰਟ ਉੱਤੇ ਕੰਮ ਕਰਦਾ ਸੀ। ਗੁਰਜੀਤ ਅਤੇ ਮਸੀਹ ਕਸਟਮ ਦੀ ਹਿਰਾਸਤ ਵਿੱਚ ਹਨ ਅਤੇ ਪੁੱਛਗਿੱਛ ਜਾਰੀ ਹੈ। ਇਸ ਮੌਕੇ ਗੁਰਪ੍ਰੀਤ ਸਿੰਘ ਭਗੌੜਾ ਹੋ ਗਿਆ ਦੱਸਿਆ ਜਾਂਦਾ ਹੈ।

## ਪੈਸਿਆਂ ਦੇ ਲੈਣ-ਦੇਣ ਕਾਰਨ ਹੌਜ਼ਰੀ ਕਾਰੋਬਾਰੀ ਦਾ ਕਤਲ

ਲੁਧਿਆਣਾ, 16 ਮਈ (ਪੋਸਟ ਬਿਊਰੋ)- ਚੰਡੀਗੜ੍ਹ ਰੋਡ ਉੱਤੇ ਬੇਅੰਤਪੁਰਾ ਇਲਾਕੇ ਵਿੱਚ ਹੌਜ਼ਰੀ ਕਾਰੋਬਾਰੀ ਦੀ ਹੱਤਿਆ ਕਰ ਦਿੱਤੀ ਗਈ ਹੈ। ਦੋਸ਼ੀ ਨੀਰਜ ਸੈਣੀ ਫ਼ਰਾਰ ਹੋ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਅਖਿਲੇਸ਼ ਕੁਮਾਰ (42) ਪਿੱਛਲੇ ਕਈ ਸਾਲਾਂ ਤੋਂ ਹੌਜ਼ਰੀ ਦਾ ਕਾਰੋਬਾਰ ਕਰ ਰਿਹਾ ਸੀ। ਮੁੰਡੀਆਂ ਕਲਾਂ ਦਾ ਵਸਨੀਕ ਅਖਿਲੇਸ਼ ਪਿੱਛਲੇ ਚਾਰ ਸਾਲ ਤੋਂ ਬੇਅੰਤਪੁਰਾ ਇਲਾਕੇ ਵਿੱਚ ਕਿਰਾਏ ਦਾ ਹਾਲ ਲੈ ਕੇ ਹੌਜ਼ਰੀ ਦਾ ਮਾਲ ਬਣਵਾਉਂਦਾ ਸੀ। ਉਸ ਦਾ ਨੀਰਜ ਸੈਣੀ ਨਾਲ ਪੈਸਿਆਂ ਦਾ ਲੈਣ-ਦੇਣ ਸੀ। ਅਖਿਲੇਸ਼ ਮਕਾਨ ਮਾਲਕ ਨੂੰ ਬਕਾਇਆ ਰਕਮ ਦੇ ਕੇ ਉਸ ਦਾ ਹਾਲ ਖਾਲੀ ਕਰ ਰਿਹਾ ਸੀ। ਇਸੇ ਦੌਰਾਨ ਮਕਾਨ ਮਾਲਕ ਪੂਜਾ ਨੇ ਫ਼ੋਨ ਕਰ ਕੇ ਨੀਰਜ ਸੈਣੀ ਨੂੰ ਬੁਲਾ ਲਿਆ। ਮੌਕੇ ਉੱਤੇ ਪਹੁੰਚਦੇ ਸਾਰਸੈਣੀ ਨੇ ਅਖਿਲੇਸ਼ ਕੋਲੋਂ ਪੈਸਿਆਂ ਦੀ ਮੰਗ ਕੀਤੀ। ਉਸ ਨੇ ਅਖਿਲੇਸ਼ ਨੂੰ ਅਪਣੀਆਂ ਬਾਹਵਾਂ ਵਿੱਚ ਦਬਾ ਕੇ ਉਸਦਾ ਸਿਰ ਜ਼ਮੀਨ ਨਾਲ ਮਾਰਿਆ। ਟੱਕਰ ਐਨੀ ਜ਼ਬਰਦਸਤ ਸੀ ਕਿ ਅਖਿਲੇਸ਼ ਦੇ ਸਿਰ ਵਿੱਚ ਡੂੰਘੀਆਂ ਸੱਟਾਂ ਕਾਰਨ ਬੇਹੋਸ਼ ਹੋ ਗਿਆ।ਗੰਭੀਰ ਹਾਲਤ ਵਿੱਚ ਅਖਿਲੇਸ਼ ਨੂੰ ਸੀ ਐਮ ਸੀ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਮੁਫਤ ਬੱਸ ਸਫਰ ਸਹੂਲਤ ਨੇ ਪੈਪਸੂ ਟਰਾਂਸਪੋਰਟ ਦਾ ਧੂੰਆਂ ਕੱਢਿਆ

* ਅਦਾਰੇ ਦਾ ਪੰਜਾਬ ਸਰਕਾਰ ਵੱਲ 130 ਕਰੋੜ ਦਾ ਬਕਾਇਆ



ਪਟਿਆਲਾ, 16 ਮਈ (ਪੋਸਟ ਬਿਊਰੋ)- ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਔਰਤਾਂ ਨੂੰ ਦਿੱਤੀ ਮੁਫਤ ਬੱਸ ਸਫਰ ਦੀ ਸਹੂਲਤ ਪੀ ਆਰ ਟੀ ਸੀ (ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ) ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਉੱਤੇ ਭਾਰੂ ਪੈ ਰਹੀ ਹੈ। ਰਾਜ ਸਰਕਾਰ ਵੱਲੋਂ ਔਰਤਾਂ ਦੇ ਸਫਰ ਬਾਰ ਬਣਦੀ ਅਦਾਇਗੀ ਸਮੇਂ ਸਿਰ ਨਾ ਕਰਨ ਕਰ ਕੇ ਸੰਕਟ ਖੜਾ ਹੋ ਗਿਆ ਅਤੇ ਹਾਲ ਇਹ ਹੈ ਕਿ ਇਸ ਵੇਲੇ ਸਰਕਾਰ ਵੱਲ 130 ਕਰੋੜ ਰੁਪਏ ਬਕਾਇਆ ਹੋ ਚੁੱਕਾ ਹੈ ਤੇ ਅਦਾਰਾ ਇਸ ਵੇਲੇ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਬਣਦੀਆਂ ਅਦਾਇਗੀਆਂ ਤੋਂ ਅਸਮਰੱਥ ਹੋ ਗਿਆ ਹੈ।

ਵਰਨਣ ਯੋਗ ਹੈ ਕਿ ਔਰਤਾਂ ਲਈ ਮੁਫਤ ਬੱਸ ਸਫਰ ਦੀ ਸਹੂਲਤ ਨਾਲ ਸਰਕਾਰੀ ਬੱਸਾਂ ਦੀਆਂ ਸਵਾਰੀਆਂ ਜ਼ਰੂਰ ਵਧੀਆਂ, ਪਰ ਇਸ ਰਕਮ ਦੀ ਸਰਕਾਰ ਵੱਲੋਂ ਅਦਾਰੇ ਨੂੰ ਅਦਾਇਗੀ ਵਿੱਚ ਦੇਰੀ ਹੋਣ ਨਾਲ ਦਿਕਤਾਂ ਖੜ੍ਹੀਆਂ ਹੋ ਰਹੀਆਂ ਹਨ, ਜਿਸ ਕਾਰਨ ਅਪ੍ਰੈਲ ਮਹੀਨੇ ਦੀ ਤਨਖਾਹ ਨਹੀਂ ਦਿੱਤੀ ਜਾ ਸਕੀ। ਵਰਕਰਜ਼ ਯੂਨੀਅਨ ਤੇ ਪੈਨਸ਼ਨਰ ਐਸੋਸੀਏਸ਼ਨਾਂ ਮੁਜ਼ਾਹਰੇ ਬਾਰੇ ਸੋਚ ਰਹੀਆਂ ਹਨ।ਇਸ ਅਦਾਰੇ ਦੇ ਕਰੀਬ ਚਾਰ ਹਜ਼ਾਰ ਮੁਲਾਜ਼ਮਾਂ ਅਤੇ ਸਾਢੇ ਚਾਰ ਹਜ਼ਾਰ ਪੈਨਸ਼ਨਰਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਲਈ ਹਰ ਮਹੀਨੇ 25 ਕਰੋੜ ਰੁਪਏ ਲੋੜੀਂਦੇ ਹੁੰਦੇ ਹਨ। ਪੀ ਆਰ ਟੀ ਸੀ ਕੋਲ 1300 ਬੱਸਾਂ ਰਾਹੀਂ ਰੋਜ਼ ਦੋ ਕਰੋੜ ਆਮਦਨ ਹੁੰਦੀ ਹੈ ਤੇ ਲਗਭਗ ਅੱਸੀ ਲੱਖ ਰੁਪਏ ਰੋਜ਼ਾਨਾ ਔਰਤਾਂ ਦੇ ਸਫਰ ਦਾ ਬਕਾਇਆ ਜੁੜਦਾ ਹੈ। ਇਸ ਨਾਲ ਅੱਸੀ ਲੱਖ ਰੁਪਏ ਰੋਜ਼ ਡੀਜ਼ਲਦਾ ਖਰਚ ਹਨ ਤੇ ਇਸਤਰ੍ਹਾਂ ਲਗਭਗ ਪੰਜਾਹ ਲੱਖ ਰੁਪਏ ਰੋਜ਼ ਨਕਦੀ ਬਚਦੀ ਹੈ, ਜਿਸ ਵਿੱਚੋਂ ਹੋਰ ਖਰਚੇ ਕੀਤੇ ਜਾਂਦੇ ਹਨ ਅਤੇ ਮਹੀਨੇ ਵਿੱਚ 15 ਕਰੋੜ ਰੁਪਏ ਦੀ ਬੱਚਤ ਹੁੰਦੀ ਹੈ।

## ਕਰਜ਼ੇ ਵਿੱਚ ਡੁੱਬੇ ਹੋਏ ਨੌਜਵਾਨ ਕਿਸਾਨ ਵੱਲੋਂ ਖ਼ੁਦਕੁਸ਼ੀ



ਤਲਵੰਡੀ ਸਾਬੋ, 16 ਮਈ (ਪੋਸਟ ਬਿਊਰੋ)- ਕੱਲ੍ਹ ਪਿੰਡ ਨੰਗਲਾ ਦੇ ਕਰਜ਼ੇ ਵਿੱਚ ਡੁੱਬੇ ਨੌਜਵਾਨ ਕਿਸਾਨ ਸਤਨਾਮ ਸਿੰਘ (28) ਨੇ ਬੀਤੇ ਸਮੇਂ ਵਿੱਚ ਖ਼ਰਾਬ ਹੋਈ ਨਰਮੇ ਦੀ ਫ਼ਸਲ ਦਾ ਅਜੇ ਤਕ ਮੁਆਵਜ਼ਾ ਨਾ ਮਿਲਣ ਤੇ ਕਣਕ ਦਾ ਝਾੜ ਘੱਟ ਨਿਕਲਣ ਤੋਂ ਦੁਖੀ ਹੋ ਕੇ ਅਪਣੇ ਖੇਤ ਵਿੱਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ।

ਸਤਨਾਮ ਸਿੰਘ ਦੇ ਪਿਤਾ ਕਾਬਲ ਸਿੰਘ ਨੇ ਦੱਸਿਆ ਕਿ ਉਸ ਦੇ ਦੋ ਲੜਕੇ ਅਤੇ ਇੱਕ ਲੜਕੀ ਹੈ। ਉਹ ਅਪਣੀ ਸੱਤ ਕੁ ਏਕੜ ਜ਼ਮੀਨ ਅਤੇ ਐਨੀ ਕੁ ਜ਼ਮੀਨ ਠੇਕੇ ਉੱਤੇ ਲੈ ਕੇ ਖੇਤੀ ਕਰਦੇ ਹਨ। ਪਿਛਲੀ ਨਰਮੇ ਦੀ ਖ਼ਰਾਬ ਹੋਈ ਫ਼ਸਲ ਦਾ ਅਜੇ ਤਕ ਕੋਈ ਮੁਆਵਜ਼ਾ ਨਹੀਂ ਮਿ-ਲਿਆ ਅਤੇ ਅੱਗੋਂ ਕਣਕ ਦਾ ਝਾੜ ਘੱਟ ਨਿਕਲਣ ਕਰ ਕੇ ਉਸ ਦਾ ਛੋਟਾ ਪੁੱਤਰ ਸਤਨਾਮ ਸਿੰਘ ਪ੍ਰੇਸ਼ਾਨ ਰਹਿਣ ਲੱਗ ਗਿਆ ਸੀ। ਸਤਨਾਮ ਸਿੰਘ ਕੱਲ੍ਹ ਬਾਅਦ ਦੁਪਹਿਰੇ ਘਰੋਂ ਖੇਤ ਗਿਆ, ਜਿੱਥੇ ਉਸ ਨੇ ਪ੍ਰੇਸ਼ਾਨੀ ਦੇ ਚਲਦਿਆਂ ਡੇਕ ਦੇ ਇੱਕ ਦਰਖ਼ਤ ਨਾਲ ਰੱਸੀ ਪਾ ਕੇ ਫ਼ਾਹਾ ਲੈ ਲਿਆ।

# ਮਨੀ ਲਾਂਡਰਿੰਗ ਦੇ ਦੋਸ਼ ’ਚ 6 ਬੰਗਲਾਦੇਸ਼ੀ ਕਾਬੂ

## * ਬੈਂਕ ਨਾਲ ਧੋਖਾਧੜੀ ਕਰਨ ਦੇ ਦੋਸ਼

ਨਵੀਂ ਦਿੱਲੀ, 16 ਮਈ (ਪੋਸਟ ਬਿਊਰੋ)- ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਨੇ ਮਨੀ ਲਾਂਡਰਿੰਗ ਦੇ ਦੋਸ਼ ਵਿੱਚ ਛੇ ਬੰਗਲਾਦੇਸ਼ੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਅਲੀ ਪਛਾਣ ਪੱਤਰ ਦੇਨਾਲ ਭਾਰਤ ਵਿੱਚ ਲੁਕ ਕੇ ਰਹਿੰਦੇ ਸਨ। ਗ੍ਰਿਫਤਾਰ ਲੋਕਾਂ ਵਿੱਚ ਗੈਂਗ ਦਾ ਸਰਗਣਾ ਪ੍ਰਸ਼ਾਂਤ ਕੁਮਾਰ ਹਲਦਰ ਵੀ ਹੈ। ਉਸ ਉੱਤੇ ਬੰਗਲਾ ਦੇਸ਼ ਵਿੱਚ ਬੈਂਕ ਨਾਲ ਧੋਖਾਧੜੀ ਕਰਨ ਦਾ ਦੋਸ਼ ਹੈ। ਪ੍ਰਸ਼ਾਂਤ ਫਰਜ਼ੀ ਨਾਂਅ ਸ਼ਿਵ ਸ਼ੰਕਰ ਹਲਦਰ ਦੀ ਵਰਤੋਂ ਕਰਦਾ ਸੀ।

ਇੰਟਰਪੋਲ ਨੇ ਪ੍ਰਸ਼ਾਂਤ ਕੁਮਾਰ ਹਲਦਰਦੇ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਸੀ। ਜਾਂਚ ਏਜੰਸੀ ਮੁਤਾਬਕ ਉਸ ਕੋਲ ਬੰਗਲਾਦੇਸ਼ੀ ਤੇ ਭਾਰਤੀ ਪਾਸਪੋਰਟ ਹਨ। ਇਹੀ ਨਹੀਂ, ਉਸ ਨੇ ਇੱਕ ਪਾਸਪੋਰਟ ਕੈਰੇਬੀਆਈ ਦੇਸ਼ ਗ੍ਰੇਨਾਡਾ ਤੋਂ ਬਣਾਇਆ ਹੋਇਆ ਸੀ। ਸਰਗਣੇ ਦੇ ਨਾਲ ਸਵਪਨ ਮੈਤਰਾ ਉਰਫ ਸਵਪਨ ਮਿਸਤਰੀ, ਉਤਮ ਮੈਤਰਾ ਉਰਫ ਉਤਮ ਮਿਸਤਰੀ, ਇਮਾਮ ਹੁਸੈਨ ਉਰਫ ਇਮਾਨ ਹਲਦਰ, ਆਮਨਾ ਸੁਲਤਾਨਾ ਉਰਫ ਸ਼ਰਮੀ ਹਲਦਰ ਅਤੇ ਪ੍ਰਨੇਸ਼ ਕੁਮਾਰ ਹਲਦਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਬੰਗਾਲ ਵਿੱਚ ਬੰਗਲਾਦੇਸ਼ੀ ਨਾਗਰਿਕ ਪ੍ਰਸ਼ਾਂਤ ਕੁਮਾਰ ਹਲਦਰ, ਪ੍ਰੀਤਿਸ਼ ਕੁਮਾਰ ਹਲਦਰ ਅਤੇ ਉਸ ਦੇ ਭਾਈਵਾਲਾਂ ਦੇ 11 ਟਿਕਾਣਿਆਂ ਉੱਤੇ ਛਾਪੇਮਾਰੀ ਕੀਤੀ ਗਈ। ਈ ਡੀ ਮੁਤਾਬਕ ਪ੍ਰਸ਼ਾਂਤ ਕੁਮਾਰ ਹਲਦਰ ਭਾਰਤੀ ਨਾਗਰਿਕ ਵਜੋਂ ਸ਼ਿਵ ਸ਼ੰਕਰ ਹਲਦਰ ਦੇ ਨਾਂਅ ਨਾਲ ਲੁਕ ਕੇ ਰਹਿ ਰਿਹਾ ਸੀ। ਜਾਂਚ ਮੁਤਾਬਕ ਪ੍ਰਸ਼ਾਂਤ ਤੇ ਉਸ ਦੇ ਭਾਈਵਾਲਾਂ ਨੇ ਫਰਜ਼ੀਵਾੜਾ ਕਰ ਕੇ ਬੰਗਾਲ ਤੋਂ ਰਾਸ਼ਨ ਕਾਰਡ, ਵੋਟਰ ਕਾਰਡ, ਪੈਨ ਕਾਰਡ ਤੇ ਆਧਾਰ ਕਾਰਡ ਹਾਸਲ ਕੀਤਾ ਸੀ। ਦੱਸਿਆ ਗਿਆ ਹੈ ਕਿ ਇਨ੍ਹਾਂ ਨੇ ਜਾਅਲੀ ਪਛਾਣ ਪੱਤਰਾਂ ਨਾਲ ਭਾਰਤ ਵਿੱਚ ਇੱਕ ਕੰਪਨੀ ਸ਼ੁਰੂ ਕਰਨ ਦੇ ਨਾਲ ਹੀ ਬੰਗਾਲ ਵਿੱਚ ਜਾਇਦਾਦ ਵੀ ਖਰੀਦੀ ਸੀ।



## ਪੁਲਸ ਭਰਤੀ ਪੇਪਰ ਲੀਕ ਕੇਸ: 2 ਦਲਾਲ ਤੇ ਪਿਤਾ-ਪੁੱਤਰ ਗ੍ਰਿਫ਼ਤਾਰ

ਧਰਮਸ਼ਾਲਾ, 16 ਮਈ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਪੁਲਸ ਕਾਂਸਟੇਬਲ ਭਰਤੀ ਪੇਪਰ ਲੀਕ ਕੇਸ ਵਿੱਚ ਪੁਲਸ ਤੇ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਚਾਰ ਹੋਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿੱਚ ਬਿਲਾਸਪੁਰ ਤੋਂ ਪਿਤਾ-ਪੁੱਤਰ ਦੇ ਇਲਾਵਾ ਇੱਕ ਦਲਾਲ ਨੂੰ ਸ਼ਿਮਲਾ ਤੇ ਇੱਕ ਨੂੰ ਲਖਨਊ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਅੱਜ ਤਕ ਇਸ ਕੇਸ ਵਿੱਚ 20 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਗ੍ਰਿਫ਼ਤਾਰ ਪਿਤਾ-ਪੁੱਤਰ ਅਤੇ ਸ਼ਿਮਲਾ ਤੋਂ ਦਲਾਲੀ ਦੇ ਦੋਸ਼ ਵਿੱਚ ਫੜੇ ਵਿਅਕਤੀ ਨੂੰ ਬਿਲਾਸਪੁਰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ 18 ਮਈ ਤਕ ਰਿਮਾਂਡ ਉੱਤੇ ਭੇਜ ਦਿੱਤਾ ਗਿਆ।ਦੋਸ਼ ਹੈ ਕਿ ਸ਼ਿਮਲਾ ਤੋਂ ਗ੍ਰਿਫ਼ਤਾਰ ਕੀਤੇ ਦਲਾਲ ਨੇ 6 ਲੱਖ ਰੁਪਏ ਵਿੱਚ ਪ੍ਰਸ਼ਨ ਪੱਤਰ ਦਿਵ-ਾਇਆ ਸੀ। ਇਸ ਪ੍ਰੀਖਿਆ ਵਿੱਚ 63 ਨੰਬਰ ਲੈਣ ਵਾਲੇ ਇੱਕ ਉਮੀਦਵਾਰ ਉੱਤੇ ਪੁਲਸ ਨੂੰ ਸ਼ੱਕ ਹੋਇਆ। ਉਸ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਉਸਦੇ ਪਿਤਾ ਨੇ ਪੇਪਰ ਦੀ ਸੈਟਿੰਗ ਕਰਵਾਈ ਸੀ। ਉਸ ਦੇ ਪਿਤਾ ਨੂੰ ਗ੍ਰਿਫ਼ਤਾਰ ਕਰ ਕੇ ਪੁੱਛਗਿੱਛ ਕੀਤੀ ਉਸ ਨੇ ਦੱਸਿਆ ਕਿ ਸ਼ਿਮਲਾ ਜ਼ਿਲ੍ਹੇ ਦੇ ਇੱਕ ਵਿਅਕਤੀ ਨੇ 6 ਲੱਖ ਰੁਪਏ ਲੈ ਕੇ ਪ੍ਰਸ਼ਨਪੱਤਰ ਦਿਵਾਇਆ ਸੀ।

# ਸਾਬਕਾ ਕ੍ਰਿਕਟਰ ਐਂਡਰਿਊ ਸਾਇਮੰਡਜ਼ ਦੀ ਸੜਕ ਹਾਦਸੇ ’ਚ ਮੌਤ



ਸਿਡਨੀ, 16 ਮਈ (ਪੋਸਟ ਬਿਊਰੋ)- ਆਸਟਰੇਲੀਆ ਦੇ ਸਾਬਕਾ ਕ੍ਰਿਕਟਰ ਤੇ ਦੋ ਵਾਰ ਵਿਸ਼ਵ ਕੱਪ ਜਿੱਤਣ ਵਾਲੀ ਟੀਮ ਦੇ ਮੈਂਬਰ ਰਹੇ ਹਰਫਨਮੌਲਾ ਐਂਡਰਿਊ ਸਾਇਮੰਡਜ਼ ਦੀ ਕਾਰ ਹਾਦਸੇ ਵਿੱਚ ਮੌਤ ਹੋ ਗਈ ਹੈ। ਸਾਇਮੰਡਜ਼ 46 ਸਾਲਾਂ ਦੇ ਸਨ ਤੇ ਉਨ੍ਹਾਂ ਦੇ ਪਰਵਾਰ ਵਿੱਚ ਪਤਨੀ ਤੋਂ ਇਲਾਵਾ ਦੋ ਬੱਚੇ ਹਨ। ਆਸਟਰੇਲਿਆਈ ਕ੍ਰਿਕਟ ਜਗਤ ਲਈ ਪਿਛਲੇ ਤਿੰਨ ਮਹੀਨਿਆਂ ਵਿੱਚ ਇਹਤੀਜਾ ਵੱਡਾ ਝਟਕਾ ਹੈ। ਇਸ ਤੋਂ ਪਹਿਲਾਂ ਮਾਰਚ ਵਿੱਚ ਕੁਝ ਘੰਟਿਆਂ ਵਿੱਚ ਮਹਾਨ ਲੈਗ ਸਪਿੰਨਰ ਸ਼ੇਨ ਵਾਰਨ ਅਤੇ ਵਿਕਟ ਕੀਪਰ ਰੋਡ ਮਾਰਸ਼ ਦੀ ਮੌਤ ਹੋ ਗਈ ਸੀ।

ਕੁਈਨ ਪੁਲਸ ਮੁਤਾਬਕਕਾਰ ਹਾਦਸਾ ਉਤਰ-ਪੂਰਬੀ ਆਸਟਰੇਲੀਆਈ ਦੇ ਟਾਊਨਸਵਿਲੇ ਤੋਂ ਲਗਭਗ ਪੰਜਾਹ ਕਿਲੋਮੀਟਰ ਦੂਰ ਹਾਰਵੇ ਰੇਂਜ ਮਾਰਗ ਉੱਤੇ ਸ਼ਨੀਵਾਰ ਰਾਤ ਨੂੰ ਹੋਇਆ। ਐਮਰਜੈਂਸੀ ਸੇਵਾਵਾਂ ਨਾਲ ਜੁੜੇ ਕਰਮਚਾਰੀਆਂ ਨੇ 46 ਸਾਲਾ ਚਾਲਕ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਜੋ ਕਾਰ ਵਿੱਚ ਇਕੱਲਾ ਸੀ, ਪਰ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਉਸ ਦੀ ਮੌਤ ਹੋ ਗਈ। ਉਹ ਹਮਲਾਵਰ ਬੱਲੇਬਾਜ਼ੀ ਕਰਨ ਦੇ ਨਾਲ ਮੱਧਮ ਰਫਤਾਰ ਉੱਤੇ ਸਪਿੰਨ ਗੇਂਦਬਾਜ਼ੀ ਦੇ ਨਾਲ ਬਿਹਤਰੀਨ ਫੀਲਡਰ ਵੀ ਸੀ। ਉਸ ਨੇ ਆਸਟਰੇਲੀਆ ਲਈ 1998 ਤੋਂ 2009 ਦੌਰਾਨ 26 ਟੈਸਟ, 198 ਇੱਕ ਰੋਜ਼ਾ ਤੇ 14 ਟੀ-20 ਕੌਮਾਂਤਰੀ ਮੁਕਾਬਲੇ ਖੇਡੇ। ਉਹ ਸਾਲ 2003 ਅਤੇ 2007 ਵਿੱਚ ਇੱਕ ਰੋਜ਼ਾ ਵਿਸ਼ਵ ਕੱਪ ਜਿੱਤਣ ਵਾਲੀ ਆਸਰੇਲੀਅਨ ਟੀਮ ਦਾ ਅਹਿਮ ਮੈਂਬਰ ਸੀ। ਕ੍ਰਿਕਟ ਆਸਟਰੇਲੀਆ ਦੇ ਮੁਖੀ ਨੇ ਕਿਹਾ, ‘‘ਆਸਟਰੇਲੀਆਈ ਕ੍ਰਿਕਟ ਨੇ ਇੱਕ ਹੋਰ ਬਿਹਤਰੀਨ ਖਿਡਾਰੀ ਗੁਆ ਲਿਆ ਹੈ।’’

ਸਾਇਮੰਡਜ਼ ਨੇ ਆਪਣੇ ਕੌਮਾਂਤਰੀ ਕਰੀਅਰ ਵਿੱਚ 166 ਵਿਕਟ ਵੀ ਲਏ ਸਨ। ਉਸ ਨੇ ਟੈਸਟ ਕ੍ਰਿਕਟ ਵਿੱਚ 24, ਇੱਕ ਰੋਜ਼ਾ ਵਿੱਚ 133 ਤੇ ਟੀ-20 ਮੁਕਾਬਲਿਆਂ ਵਿੱਚ 8 ਵਿਕਟ ਲਏ। 2008 ਵਿੱਚ ਭਾਰਤ ਖਿਲਾਫ ਖੇਡਿਆ ਸਿਡਨੀ ਟੈਸਟ ‘ਮੰਕੀਗੇਟ’ ਘਟਨਾ ਕਰ ਕੇ ਸਾਇਮੰਡਜ਼ ਦੇ ਕੈਰੀਅਰ ਦਾ ਸਭ ਤੋਂ ਵਿਵਾਦਤ ਪਲ ਰਿਹਾ ਸੀ। ਸਾਇਮੰਡਜ਼ ਨੇ ਉਦੋਂ ਦੋਸ਼ਲਾਇਆ ਸੀ ਕਿ ਭਾਰਤੀ ਆਫ ਸਪਿੰਨਰ ਹਰਭਜਨ ਸਿੰਘ ਨੇ ਮੈਦਾਨ ਉੱਤੇ ਹੋਈ ਬਹਿਸ ਦੌਰਾਨ ਉਸ ਨੂੰ ‘ਬਾਂਦਰ’ ਕਿਹਾ ਹੈ।ਉਂਝ ‘ਰੌਏ’ ਦੇ ਰੂਪ ਵਿੱਚ ਪਛਾਣਿਆ ਜਾਣ ਵਾਲਾ ਸਾਇਮੰਡਜ਼ ਕਈ ਵਿਵਾਦਾਂ ਵਿੱਚ ਰਿਹਾ ਹੈ।

# ਹਿਮਾਚਲ ’ਚ ਪੰਜਾਬ ਪੁਲਸ ਦੇ 3 ਮੁਲਾਜ਼ਮਾਂ ਨਾਲ 7 ਨੌਜਵਾਨਾਂ ਵੱਲੋਂ ਮਾਰਕੁੱਟ



ਡਮਟਾਲ (ਕਾਂਗੜਾ), 16 ਮਈ (ਪੋਸਟ ਬਿਊਰੋ)- ਪੁਲਸ ਥਾਣਾ ਨੰਗਲਭੂਰ ਹੇਠਲੇ ਕੰਦਰੋੜੀ ਖੇਤਰ ਵਿੱਚ ਸ਼ਰਾਬ ਪੀ ਕੇ ਖੌਰੂ ਪਾ ਰਹੇ ਸੱਤ ਨੌਜਵਾਨਾਂ ਨੇ ਸ਼ਨੀਵਾਰ ਦੀ ਰਾਤ ਪੰਜਾਬ ਪੁਲਸ ਦੇ ਤਿੰਨ ਜਵਾਨਾਂ ਉੱਤੇ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਅਤੇ ਗੰਭੀਰ ਜ਼ਖਮੀ ਕਰਨ ਪਿੱਛੋਂ ਫਰਾਰ ਹੋ ਗਏ। ਜ਼ਖਮੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਕੰਦਰੋੜੀ ਦੇ ਇੱਕ ਢਾਬੇ ਵਿੱਚ ਪੰਜਾਬ ਪੁਲਸ ਦੇ ਤਿੰਨ ਜਵਾਨ ਅਖਿਲ ਸਲਰੀਆ, ਸਾਹਿਲ ਅਤੇ ਅੰਕੁਸ਼ ਸ਼ਰਮਾ ਗਸ਼ਤ ਦੇ ਬਾਅਦ ਖਾਣਾ ਖਾ ਰਹੇ ਸਨ। ਇਸ ਦੌਰਾਨ ਕੰਦਰੋੜੀ ਖੇਤਰ ਦੇ ਮੋਹਿਤ ਯੋਗੀ, ਸਾਜਨ ਕਿਸ਼ਨ ਸਿੰਘ ਤੇ ਵਿਸ਼ਾਲ ਸਾਥੀਆਂ ਦੇ ਨਾਲ ਢਾਬੇ ਉੱਤੇ ਆਏ। ਇਹ ਸਾਰੇ ਜਣੇ ਸ਼ਰਾਬ ਦੇ ਨਸ਼ੇ ਵਿੱਚ ਸਨ ਤੇ ਇਨ੍ਹਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ। ਪੁਲਸ ਜਵਾਨਾਂ ਨੇ ਨੌਜਵਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀ ਮਾਰਕੁੱਟ ਕਰਨ ਲੱਗੇ ਅਤੇ ਫੋਨ ਕਰ ਕੇ ਸਾਥੀਆਂ ਨੂੰ ਬੁਲਾ ਲਿਆ। ਸਾਰਿਆਂ ਨੇ ਪੁਲਸ ਮੁਲਾਜ਼ਮਾਂ ਉੱਤੇ ਤੇਜ਼ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਹਮਲੇ ਵਿੱਚ ਤਿੰਨੋਂ ਪੁਲਸ ਜਵਾਨਾਂ ਨੂੰ ਸਿਰ ਅਤੇ ਹੱਥਾਂ ਉੱਤੇ ਗੰਭੀਰ ਸੱਟਾਂ ਲੱਗੀਆਂ ਹਨ। ਢਾਬਾ ਮਾਲਕ ਨੇ ਲੋਕਾਂ ਦੀ ਮਦਦ ਨਾਲ ਪੁਲਸ ਜਵਾਨਾਂ ਨੂੰ ਸਥਾਨਕ ਹਸਪਤਾਲ ਪਹੁੰਚ-ਾਇਆ। ਇੱਥੇ ਮੁੱਢਲੇ ਇਲਾਜ ਪਿੱਛੋਂ ਤਿੰਨਾਂ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਹੈ। ਇੱਕ ਦੋਸ਼ੀ ਵਿਸ਼ਾਲ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਉਸ ਦੇ ਸਾਥੀਆਂ ਦੀ ਤਲਾਸ਼ ਕੀਤੀ ਜਾ ਰਹੀ ਹੈ।

# ਮੁੰਡਕਾ ਅਗਨੀ ਕਾਂਡ: ਇਮਾਰਤ ਦਾ ਮਾਲਕ ਗ੍ਰਿਫਤਾਰ



ਨਵੀਂ ਦਿੱਲੀ, 16 ਮਈ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਵਿੱਚ ਮੁੰਡਕਾ ਇਲਾਕੇ ਵਿੱਚ ਮੈਟਰੋ ਸਟੇਸ਼ਨ ਨੇੜੇ ਦੀ ਚਾਰ ਮੰਜ਼ਿਲਾ ਵਪਾਰਕ ਇਮਾਰਤ ਵਿੱਚ ਅੱਗ ਲੱਗਣ ਕਾਰਨ 27 ਵਿਅਕਤੀਆਂ ਦੀ ਮੌਤ ਹੋਣ ਦੇ ਦੋ ਦਿਨ ਬਾਅਦ ਦਿੱਲੀ ਪੁਲਸ ਨੇ ਕੱਲ੍ਹ ਇਮਾਰਤ ਦੇ ਮਾਲਕਮਨੀਸ਼ ਲਾਕਰਾ ਨੂੰ ਗ੍ਰਿਫਤਾਰ ਕਰਲਿਆ ਹੈ। ਪੁਲਸ ਟੀਮ ਨੇ ਉਸ ਨੂੰ ਦਿੱਲੀ ਤੇ ਹਰਿਆਣਾ ਵਿੱਚ ਕਈ ਥਾਈਂ ਛਾਪੇ ਮਾਰਨ ਮਗਰੋਂ ਗ੍ਰਿਫਤਾਰ ਕੀਤਾ ਹੈ।

ਪਤਾ ਲੱਗਾ ਹੈ ਕਿ ਮਨੀਸ਼ ਲਾਕਰਾ ਇਸ ਇਮਾਰਤ ਦੀ ਜ਼ਮੀਨੀ ਮੰਜ਼ਿਲ ਤੋਂ ਪ੍ਰਾਪਰਟੀ ਡੀਲਿੰਗਕਰਦਾ ਸੀ। ਪੁਲਸ ਨੇ ਦੱਸਿਆ ਕਿ ਦੋ ਭਰਾਵਾਂ ਹਰੀਸ਼ ਗੋਇਲ ਤੇ ਵਰੁਣ ਗੋਇਲ ਨੇ ਆਪਣੀ ਕੰਪਨੀ ਲਈ ਇਮਾਰਤ ਦੀਆਂ ਤਿੰਨ ਮੰਜ਼ਿਲਾ ਕਿਰਾਏ ਉੱਤੇ ਲਈਆਂ ਸਨ, ਜੋ ਮੁੱਖ ਤੌਰ ਉੱਤੇ ਸੀ ਸੀ ਟੀ ਵੀ ਅਤੇ ਵਾਈ ਫਾਈ ਰਾਊਟਰਾਂ ਬਣਾਉਣ, ਮੁਰੰਮਤ ਅਤੇ ਵੇਚਣ ਦਾ ਕੰਮ ਕਰਦੇ ਸਨ। ਗੋਇਲ ਭਰਾਵਾਂ ਨੇ ਮਨੀਸ਼ ਤੋਂ 2018 ਵਿੱਚ ਇਮਾਰਤ ਦੀ ਪਹਿਲੀ ਮੰਜ਼ਿਲ ਕਿਰ-ਾਏ ਉੱਤੇ ਲਈ, ਫਿਰ ਸਾਲ 2019 ਵਿੱਚ ਦੂਜੀ ਅਤੇ ਤੀਜੀ ਮੰਜ਼ਿਲ 2021 ਵਿੱਚ ਕਿਰਾਏ ਉੱਤੇ ਲੈ ਲਈ। ਉਨ੍ਹਾਂ ਲਾਕਰਾ, ਉਸ ਦੀ ਪਤਨੀ ਅਤੇ ਮਾਂ ਨੂੰ 1.2 ਲੱਖ ਰੁਪਏ ਨਕਦ ਦਿੱਤੇ ਸਨ। ਗੋਇਲ ਭਰਾਵਾਂ ਨੂੰ ਸ਼ੁੱਕਰਵਾਰ ਦੀ ਰਾਤ ਗ੍ਰਿਫਤਾਰ ਕਰ ਲਿਆ ਗਿਆ ਸੀ। ਪੁਲਸ ਨੇ ਦੱਸਿਆ ਕਿ ਲਾਕਰਾ ਆਪਣੇ ਪਰਵਾਰ ਨਾਲ ਇਮਾਰਤ ਦੀ ਉਪਰਲੀ ਮੰਜ਼ਿਲ ਉੱਤੇ ਰਹਿੰਦਾ ਸੀ, ਜਿਸ ਨੂੰ ਸ਼ੁੱਕਰਵਾਰ ਅੱਗ ਲੱਗ ਗਈ ਸੀ ਤੇ ਉਹ ਨਾਲ ਲੱਗਦੀ ਇਮਾਰਤ ਦੀ ਛੱਤ ਤੋਂ ਛਾਲ ਮਾਰ ਕੇ ਫਰਾਰ ਹੋ ਗਿਆ ਸੀ। ਇਮਾਰਤ ਦਾ ਸਿਰਫ ਇੱਕੋ ਨਿਕਾਸ ਸੀ, ਜਿੱਥੇ ਪੌੜੀਆਂ ਉੱਤੇ ਡੱਬੇ ਰੱਖੇ ਹੋਣ ਕਾਰਨ ਲੋਕ ਉਥੇ ਫਸ ਗਏ। ਦਿੱਲੀ ਫਾਇਰ ਸਰਵਿਸਿਜ਼ (ਡੀ ਐਫ ਐਸ) ਦੇ ਮੁਖੀ ਅਤੁਲ ਗਰਗ ਨੇ ਜਾਂਚ ਦੌਰਾਨ ਕਿਹਾ ਸੀ ਕਿ ਇਮਾਰਤ ਕੋਲ ਅੱਗ ਸਬੰਧੀ ਐਨ ਓ ਸੀ ਅਤੇ ਦਿੱਲੀ ਨਗਰ ਨਿਗਮ ਤੋਂ ਕਲੀਅਰੈਂਸ ਨਹੀਂ ਸੀ।

ਇਸ ਦੌਰਾਨ ਆਮ ਆਦਮੀ ਪਾਰਟੀ ਨੇ ਕੱਲ੍ਹ ਇੱਥੇ ਦਾਅਵਾ ਕੀਤਾ ਕਿ ਅੱਗ ਕਾਰਨ ਤਬਾਹ ਹੋਈ ਮੁੰਡਕਾ ਇਲਾਕੇ ਦੀ ਇਮਾਰਤ ਦੇ ਮਾਲਕ ਮਨੀਸ਼ ਲਾਕਰਾ ਦੇ ਸੰਬੰਧ ਭਾਜਪਾ ਨਾਲ ਹਨ ਅਤੇ ਭਾਜਪਾ ਦੀ ਮਦਦ ਨਾਲ ਉਹ ਗੈਰ ਕਾਨੂੰਨੀ ਉਦਯੋਗਿਕ ਗਤੀਵਿਧੀਆਂ ਚਲਾ ਰਿਹਾ ਸੀ। ਪ੍ਰੈਸ ਕਾਨਫਰੰਸ ਵਿੱਚ ਪਾਰਟੀ ਆਗੂ ਦੁਰਗੇਸ਼ ਪਾਠਕ ਨੇ ਭਾਜਪਾ ਆਗੂਆਂ ਨਾਲ ਮੁਲਜ਼ਮ ਮਨੀਸ਼ ਲਾਕਰਾ ਦੀਆਂ ਦੋ ਫੋਟੋ ਵੀ ਦਿਖਾਈਆਂ। ਇਸ ਦੇ ਬਾਅਦਭਾਜਪਾ ਦੇ ਬੁਲਾਰੇ ਨੇ ਕਿਹਾ ਕਿ ਭਾਜਪਾ ਦਾ ਲਾਕਰਾ ਨਾਲ ਕੋਈ ਸੰਬੰਧ ਨਹੀਂ, ਇਹ ਝੂਠਾ ਦੋਸ਼ ਲਾਇਆ ਗਿਆ ਹੈ।

# ਉਦੈਪੁਰ ਚਿੰਤਨ ਕੈਂਪ ਦੀ ਨੀਤੀ, ਕਾਂਗਰਸ ਅਗਲੀ ਵਾਰ ਅੱਧੀਆਂ ਟਿਕਟਾਂ ਪੰਜਾਹ ਤੋਂ ਘੱਟ ਉਮਰ ਵਾਲੇ ਲੋਕਾਂ ਨੂੰ ਦੇਵੇਗੀ



ਨਵੀਂ ਦਿੱਲੀ, 16 ਮਈ (ਪੋਸਟ ਬਿਊਰੋ)- ਕਾਂਗਰਸ ਨੇ ਉਦੈਪੁਰ ਚਿੰਤਨ ਕੈਂਪ ਵਿੱਚ ਤਿੰਨ ਦਿਨ ਮੰਥਨ ਪਿੱਛੋਂ ਸੰਗਠਨ ਵਿੱਚ ਅਹਿਮ ਸੁਧਾਰ, ਜਨਤਾ ਨਾਲ ਜੋੜ ਤੇ ਸੜਕਾਂ ਉੱਤੇ ਸੰਘਰਸ਼ ਦੇ ਮੂਲ ਮੰਤਰ ਦਾ ਸੰਕਲਪ ਲੈਂਦਿਆਂ 2024 ਵਿੱਚ ਆਪਣੀ ਸਿਆਸੀ ਵਾਪਸੀ ਲਈ ਲੜਾਈ ਦਾ ਰੋਡਮੈਪ ਤਿਆਰ ਕਰ ਲਿਆ ਹੈ। ਇਸ ਤਹਿਤ ਪਾਰਟੀ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਅੱਧੀਆਂ ਟਿਕਟਾਂ 50 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਦੇਵੇਗੀ ਅਤੇਪਾਰਲੀਮੈਂਟ, ਸੂਬਾਈ ਵਿਧਾਨ ਸਭਾਵਾਂ ਤੇ ਹੋਰਨਾਂ ਚੋਣਾਂ ਵਾਲੇ ਅਹੁਦਿਆਂ ਉੱਤੇ ਆਗੂਆਂ ਦੀ ਸੇਵਾਮੁਕਤੀ ਦੀ ਉਮਰ ਵੀ ਤੈਅ ਕਰੇਗੀ।

ਜਨਤਾ ਨਾਲ ਜੁੜਨ ਦੇ ਮੰਤਰ ਤਹਿਤ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਸ਼ਮੀਰ ਤੋਂ ਕੰਨਿਆਕੁਮਾਰੀ ਤਕ ਦੋ ਅਕਤੂਬਰ ਤੋਂ ਭਾਰਤ ਜੋੜੋ ਪਦ ਯਾਤਰਾ ਕੱਢਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ: ਅਸੀਂ ਉਭਰਾਂਗੇ, ਇਹ ਸਾਡਾ ਦ੍ਰਿੜ ਨਿਸ਼ਚਾ ਤੇ ਨਵ-ਸੰਕਲਪ ਹੈ। ਕਾਂਗਰਸ ਦਾ ਨਵਾਂ ਉਦੇਸ਼ ਹੋਵੇਗਾ, ਇਹ ਸਾਡਾ ਨਵਾਂ ਸੰਕਲਪ ਹੈ। ਉਦੈਪੁਰ ਨਵ-ਸੰਕਲਪ ਹੇਠ ਪਾਰਟੀ ਵਿੱਚ ਵੱਡੇ ਸੁਧਾਰ ਲਾਗੂ ਕਰਨ ਦਾ ਐਲਾਨ ਕਰਦਿਆਂ ਇੱਕ ਵਿਅਕਤੀ ਇੱਕ ਅਹੁਦਾ ਤੇ ਇੱਕ ਪਰਵਾਰ ਨੂੰ ਇੱਕ ਟਿਕਟ ਨਾਲ ਸੰਗਠਨ ਵਿੱਚ ਹਰ ਪੱਧਰ ਉੱਤੇ ਪੰਜਾਹ ਫੀਸਦੀ ਅਹੁਦੇ ਪੰਜਾਹ ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਦੇਣ ਦੇ ਮਤੇ ਨੂੰ ਮਨਜ਼ੂਰੀ ਦਿੱਤੀ ਗਈ। ਚੋਣਾਂ ਦੇ ਪ੍ਰਬੰਧ ਤੇ ਜ਼ਮੀਨੀ ਸਰਵੇ ਲਈ ਵੱਖ-ਵੱਖ ਵਿਭਾਗ ਬਣਾਉਣ ਵਰਗੇ ਕਈ ਨਵੇਂ ਕਦਮ ਚੁੱਕਣ ਦਾ ਐਲਾਨ ਕੀਤਾ ਗਿਆ ਹੈ।

ਸਿਆਸੀ ਮਸਲਿਆਂਬਾਰੇ ਕਾਂਗਰਸ ਨੇ ਗੱਠਜੋੜ ਦਾ ਬਦਲ ਖੁੱਲ੍ਹਾ ਰੱਖਣ ਦੀ ਗੱਲ ਕਹੀ ਅਤੇ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਿੱਚ ਮਹਿਲਾ ਰਾਖਵਾਂਕਰਨ ਵਿੱਚ ਕੋਟੇ ਦੇ ਅੰਦਰ ਕੋਟੇ ਦਾ ਸਮਰਥਨ ਵੀ ਕੀਤਾ ਹੈ। ਪਾਰਲੀਮੈਂਟਅਤੇ ਵਿਧਾਨ ਸਭਾਵਾਂ ਵਿੱਚ ਓ ਬੀ ਸੀ (ਹੋਰ ਪਛੜੀਆਂ ਜਾਤੀਆਂ) ਲਈ ਰਾਖਵਾਂਕਰਨ ਤੇ ਨਿੱਜੀ ਖੇਤਰ ਦੀਆਂ ਨੌਕਰੀਆਂ ਵਿੱਚ ਰਾਖਵਾਂਕਰਨ ਦੇ ਮਸਲੇ ਨੂੰ ਹਾਲੇ ਪਾਰਟੀ ਨੇ ਛੱਡ ਦਿੱਤਾ ਹੈ, ਪਰ ਜਾਤੀ ਜਨਗਣਨਾ ਦਾ ਸਮਰਥਨ ਕਰ ਕੇ ਕਾਂਗਰਸ ਨੇ ਓ ਬੀ ਸੀ ਵਰਗ ਵਿੱਚ ਸਿਆਸੀ ਆਧਾਰ ਵਧਾਉਣ ਦਾ ਦਾਅ ਚੱਲ ਦਿੱਤਾ ਹੈ।ਕਾਂਗਰਸ ਵਿੱਚ ਇਨ੍ਹਾਂ ਅਹਿਮ ਬਦਲਾਵਾਂ ਉੱਤੇ ਤੁਰੰਤ ਅਮਲ ਲਈ ਸੋਨੀਆ ਗਾਂਧੀ ਨੇ ਚਿੰਤਨ ਸ਼ਿਵਰ ਦੇ ਆਪਣੇ ਸਮਾਪਤੀ ਸੰਬੋਧਨ ਵਿੱਚਇੱਕ ਟਾਸਕ ਫੋਰਸ ਦੇ ਗਠਨ ਦਾ ਐਲਾਨ ਕੀਤਾ। ਜਨਤਾ ਦਾ ਰੌਂਅ ਦੇਖਦਿਆਂ ਤੇ ਫੀਡਬੈਕ ਲਈ ਪਬਲਿਕ ਇਨਸਾਈਟ ਡਿਪਾਰਟਮੈਂਟ, ਪਾਰਟੀ ਦੇ ਲੋਕਾਂ ਨੂੰ ਵਿਚਾਰਧਾਰਕ ਅਤੇ ਨੀਤੀਗਤ ਸਿਖਲਾਈ ਦੇਣ ਲਈ ਰਾਸ਼ਟਰੀ ਟਰੇ-ਨਿੰਗ ਇੰਸਟੀਚਿਊਟ ਅਤੇ ਚੋਣ ਲਈ ਏ ਆਈ ਸੀ ਸੀ (ਆਲ ਇੰਡੀਆ ਕਾਂਗਰਸ ਕਮੇਟੀ) ਵਿੱਚ ਚੋਣ ਪ੍ਰਬੰਧਕੀ ਵਿਭਾਗ ਬਣਾਉਣ ਦਾ ਫੈਸਲਾ ਹੋਇਆ ਹੈ, ਜਦ ਕਿ ਉੱਤੋਂ ਲੈ ਕੇ ਸੰਗਠਨ ਦੇ ਜ਼ਿਲ੍ਹਾ ਪੱਧਰ ਤਕ ਦੇ ਅਹੁਦੇਦਾਰਾਂ ਦੇ ਕੰਮਾਂ ਦੀ ਘੋਖ ਕਾਂਗਰਸ ਦੇ ਕੌਮੀ ਜਨਰਲ ਸੈਕਟਰੀਦੇ ਪੱਧਰ ਉੱਤੇਹੋਵੇਗੀ। ਪਾਰਲੀਮੈਂਟਰੀ ਬੋਰਡ ਦੇ ਮਤੇ ਉੱਤੇ ਚਿੰਤਨ ਸ਼ਿਵਰ ਵਿੱਚ ਚਰਚਾ ਹੋਈ ਅਤੇ ਇਹ ਸੰਗਠਨ ਸੁਧਾਰਾਂ ਦੇ ਖਰੜੇ ਵਿੱਚ ਵੀ ਸ਼ਾਮਲ ਸੀ, ਪਰ ਅੰਤਿਮ ਸੰਕਲਪਾਂ ਵਿੱਚ ਇਸ ਨੂੰ ਥਾਂ ਨਹੀਂ ਮਿਲ ਸਕੀ।

## ਇਮਰਾਨ ਖਾਨ ਨੇ ਲੋਕਾਂ ਨੂੰ ਕਿਹਾ:

# ਜੇ ਮੈਂ ਮਾਰਿਆ ਗਿਆ ਤਾਂ ਮੇਰੇ ਲਈ ਨਿਆਂ ਪ੍ਰਾਪਤ ਕਰਿਉ



ਇਸਲਾਮਾਬਾਦ, 16 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਪ੍ਰਧਾਨ ਇਮਰਾਨ ਖਾਨ ਨੇ ਆਪਣੀ ਜ਼ਿੰਦਗੀ ਨੂੰ ਖਤਰੇ ਦੀ ਗੱਲ ਦੋਹਰਾਈ ਅਤੇ ਆਪਣੇ ਸਮਰਥਕਾਂ ਨੂੰ ਕਿਹਾ ਕਿ ਜੇ ਮੈਨੂੰ ਕੁਝ ਹੁੰਦਾ ਹੈ ਅਤੇ ਮੈਂ ਮਾਰਿਆ ਗਿਆ ਤਾਂ ਲੋਕ ਮੇਰੇ ਲਈ ਨਿਆਂ ਪ੍ਰਾਪਤ ਕਰਨ।

ਫੈਸਲਾਬਾਦ ਵਿੱਚ ਆਪਣੀ ਪਾਰਟੀ ਦੀ ਇੱਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦੇ ਹੋਏ ਇਮਰਾਨ ਖਾਨ ਨੇ ਕਿਹਾ ਕਿ ਮੈਂ ਉਨ੍ਹਾਂ ਸਾਰੇ ਲੋਕਾਂ ਦਾ ਨਾਂ ਲੈਂਦੇ ਹੋਏ ਇੱਕ ਵੀਡੀਓ ਰਿਕਾਰਡ ਕੀਤਾ ਹੈ, ਜੋ ਮੈਨੂੰ ਮਾਰਨ ਦੀ ਸਾਜ਼ਿਸ਼ ਰਚ ਰਹੇ ਹਨ, ਕਿਉਂਕਿ ਮੈਂ ਪਾਕਿਸਤਾਨ ਦਾ ਇਤਿਹਾਸ ਜਾਣਦਾ ਹਾਂ। ਇਤਿਹਾਸ ਸਾਨੂੰ ਦੱਸਦਾ ਹੈ ਕਿ ਸਾਡੀ ਨਿਆਂ ਪ੍ਰਣਾਲੀ ਸ਼ਕਤੀਸ਼ਾਲੀ ਅਪਰਾਧੀਆਂ ਨੂੰ ਨਹੀਂ ਫੜ ਸਕਦੀ, ਇਸ ਲਈ ਮੈਂ ਇਸ ਗੱਲ ਨੂੰ ਲੋਕਾਂ ਉੱਤੇ ਛੱਡਦਾ ਹਾਂ। ਉਨ੍ਹਾਂ ਨੇ ਰੈਲੀ ਵਿੱਚ ਭੀੜ ਨੂੰ ਇੱਕ ਕਸਮ ਲੈਣ ਨੂੰ ਕਿਹਾ ਕਿ ਉਹ ਕਦੀ ਗੁਲਾਮੀ ਸਵੀਕਾਰ ਨਹੀਂ ਕਰਨਗੇ ਤੇ ਕਦੀ ਉਸ ਪਾਰਟੀ ਨੂੰ ਵੋਟ ਨਹੀਂ ਦੇਣਗੇ ਜਿਸ ਦੇ ਨੇਤਾਵਾਂ ਨੇ ਦੇਸ਼ ਦਾ ਪੈਸਾ ਵਿਦੇਸ਼ਾਂ ਵਿੱਚ ਜਮ੍ਹਾ ਕੀਤਾ ਹੈ।

ਦੂਸਰੇ ਪਾਸੇ ਪਾਕਿਸਤਾਨ ਦੇ ਸਾਬਕਾ ਗ੍ਰਹਿ ਮੰਤਰੀ ਤੇ ਅਵਾਮੀ ਮੁਸਲਿਮ ਲੀਗ (ਏ ਐਮ ਐਲ) ਦੇ ਪ੍ਰਧਾਨ ਸ਼ੇਖ ਰਸ਼ੀਦ ਅਹਿਮਦ ਨੇ ਚਿਤਾਵਨੀ ਦਿੱਤੀ ਕਿ ਇਮਰਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਪਾਕਿ-ਸਤਾਨ ਦੂਸਰਾ ਸ਼੍ਰੀਲੰਕਾ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਸਥਿਤੀ ਤੋਂ ਬਚਣ ਲਈ ਪਹਿਲਾਂ ਰਣਨੀਤੀ ਬਣਾ ਲਈ ਹੈ। ਸਾਬਕਾ ਗ੍ਰਹਿਮੰਤਰੀ ਨੇ ਕਿਹਾ ਕਿ ਮੌਜੂਦਾ ਸ਼ਹਿਬਾਜ਼ ਸ਼ਰੀਫ ਸਰਕਾਰ ਦਿਸ਼ਾਹੀਣ ਹੋ ਗਈ ਹੈ ਅਤੇ ਸਥਿਤੀ ਨੂੰ ਸੰਭਾਲਣ ਵਿੱਚ ਅਸਮਰਥ ਹੈ ਇਸ ਲਈ ਨਵਾਜ਼ ਸ਼ਰੀਫ ਨੂੰ ਅਜੇ ਵਾਪਸ ਨਹੀਂ ਬੁਲ-ਾਇਆ ਜਾਣਾ ਚਾਹੀਦਾ।

# ਰਿਜ਼ਰਵ ਬੈਂਕ ਨੇ ਪਾਰਲੀਮੈਂਟਰੀ ਕਮੇਟੀ ਨੂੰ ਕ੍ਰਿਪਟੋ ਦੇ ਖਤਰੇ ਦੱਸੇ



ਨਵੀਂ ਦਿੱਲੀ, 16 ਮਈ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੇ ਵੱਡੇ ਅਫਸਰਾਂ ਨੇ ਭਾਰਤ ਦੀ ਪਾਰਲੀਮੈਂਟਰੀ ਕਮੇਟੀ ਨੂੰ ਦੱਸਿਆ ਹੈ ਕਿ ਕ੍ਰਿਪਟੋ ਕਰੰਸੀ ਅਰਥਵਿਵਸਥਾ ਦੇ ਇੱਕ ਹਿੱਸੇ ਦਾ ਡਾਲਰੀਕਰਨ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਭਾਰਤ ਦੇ ਹਿੱਤ ਵਿੱਚ ਨਹੀਂ ਹੋਵੇਗਾ।

ਦੇਸ਼ ਦੇ ਖਜ਼ਾਨੇ ਬਾਰੇ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਨੂੰ ਆਰ ਬੀ ਆਈ ਦੇ ਵਫਦ ਨੇ ਕ੍ਰਿਪਟੋ ਕਰੰਸੀ ਬਾਰੇ ਕੁਝ ਖਦਸ਼ੇ ਜ਼ਾਹਿਰ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਵਿੱਤੀ ਢਾਂਚੇ ਦੀ ਸਥਿਰਤਾ ਲਈ ਚੁਣੌਤੀ ਬਣ ਸਕਦੀ ਹੈ। ਕਮੇਟੀ ਦੀ ਅਗਵਾਈ ਸਾਬਕਾ ਵਿੱਤ ਰਾਜ ਮੰਤਰੀ ਜੈਅੰਤ ਸਿਨਹਾ ਕਰ ਰਹੇ ਹਨ। ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਕ੍ਰਿਪਟੋ ਆਰ ਬੀ ਆਈ ਦੀ ਮੁਦਰਾ ਨੀਤੀ ਉਤੇ ਅਸਰ ਪਾ ਸਕਦੀ ਹੈ। ਅਧਿਕਾਰੀਆਂ ਨੇ ਕਮੇਟੀ ਮੈਂਬਰਾਂ ਨੂੰ ਦੱਸਿਆ ਕਿ ਕ੍ਰਿਪਟੋ ਕਰੰਸੀ ਵਿੱਚ ਘਰੇਲੂ ਤੇ ਵਿਦੇਸ਼ੀ ਲੈਣ-ਦੇਣ ਵਿੱਚ ਰੁਪਏ ਦੀ ਥਾਂ ਲੈਣ ਦੀ ਸਮਰੱਥਾ ਹੈ ਅਤੇ ਇਹ ਕਰੰਸੀ ਤਬਾਦਲੇ ਦਾ ਬਦਲ ਬਣ ਸਕਦੀ ਹੈ। ਉਨ੍ਹਾਂ ਕਿਹਾ ਕਿ ਕ੍ਰਿਪਟੋ ਅੱਤਵਾਦ ਫੰਡਿੰਗ, ਮਨੀ ਲਾਂਡਰਿੰਗ ਅਤੇ ਨਸ਼ਾ ਤਸਕਰੀ ਲਈ ਵਰਤੀ ਜਾ ਸਕਦੀ ਹੈ ਤੇ ਦੇਸ਼ ਦੇ ਵਿੱਤੀ ਢਾਂਚੇ ਦੀ ਸਥਿਰਤਾ ਲਈ ਖਤਰਾ ਹੈ।ਉਨ੍ਹਾ ਦੱਸਿਆ ਕਿ ਲਗਭਗ ਸਾਰੀਆਂ ਕ੍ਰਿਪਟੋ ਕਰੰਸੀਜ਼ ਡਾਲਰ ਵਿੱਚ ਹਨ ਤੇ ਵਿਦੇਸ਼ੀ ਪ੍ਰਾਈਵੇਟ ਅਦਾਰੇ ਇਨ੍ਹਾਂ ਨੂੰ ਜਾਰੀ ਕਰਦੇ ਹਨ। ਇਸ ਕਾਰਨ ਅਰਥਵਿਵਸਥਾ ਦੇ ਇੱਕ ਹਿੱਸੇ ਦਾ ਇਹ ਡਾਲਰੀਕਰਨ ਕਰ ਸਕਦੀ ਹੈ। ਇੱਕ ਖੁਦਮੁਖਤਿਆਰ ਦੇਸ਼ ਵਜੋਂ ਭਾਰਤ ਲਈ ਇਹ ਠੀਕ ਨਹੀਂ ਹੋਵ-ੇਗਾ। ਆਰ ਬੀ ਆਈ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਬੈਂਕਿੰਗ ਢਾਂਚੇ ਨੂੰ ਵੀ ਪ੍ਰਭਾਵਤ ਕਰੇਗੀ ਕਿਉਂਕਿ ਲੋਕ ਨਿਵੇਸ਼ ਲਈ ਇਸ ਕਰੰਸੀ ਵੱਲ ਖਿੱਚੇ ਜਾ ਸਕਦੇ ਹਨ। ਇਸ ਨਾਲ ਬੈਂਕਾਂ ਕੋਲ ਪੈਸਾ ਨਹੀਂ ਬਚੇਗਾ।




# ਪਾਕਿ ਪਰਿਵਾਰ ਨੇ ਆਪਣੇ ਦੇਸ਼ ਦੀ ਔਰਤ ਤੋਂ 12 ਸਾਲ ਜ਼ਬਰਦਸਤੀ ਮਜ਼ਦੂਰੀ ਕਰਵਾਈ



ਵਾਸ਼ਿੰਗਟਨ, 16 ਮਈ (ਪੋਸਟ ਬਿਊਰੋ)- ਅਮਰੀਕਾ ਦੀ ਇੱਕ ਕੇਂਦਰੀ ਨਿਆਂ ਜਿਊਰੀ ਨੇ ਪਾਕਿਸਤਾਨੀ ਮੂਲ ਦੇ ਇੱਕ ਅਮਰੀਕੀ ਪਰਵਾਰ ਨੂੰ ਇੱਕ ਪਾਕਿਸਤਾਨੀ ਔਰਤ ਤੋਂ 12 ਸਾਲਾਂ ਤਕ ਜ਼ਬਰਦਸਤੀ ਮਜ਼ਦੂਰੀ ਕਰਾਉਣ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ। ਜਿਊਰੀ ਨੇ ਪਰਵਾਰ ਦੇ ਮੈਂਬਰਾਂ ਜਾ-ਹਦਾ ਅਮਾਨ, ਮੁਹੰਮਦ ਨੋਮਾਨ ਚੌਧਰੀ ਅਤੇ ਮੁਹੰਮਦ ਰੇਹਾਨ ਚੌਧਰੀ ਨੂੰ 12 ਸਾਲਾਂ ਤੋਂ ਵੱਧ ਸਮੇਂ ਤਕ ਪੀੜਤਾ ਨੂੰ ਸਰੀਰਕ ਅਤੇ ਮਾਨਸਿਕ ਤਸੀਹੇ ਦੇਣ ਦਾ ਦੋਸ਼ੀ ਪਾਇਆ। ਇਸ ਕੇਸ ਵਿੱਚ ਦੋਸ਼ੀਆਂ ਨੂੰ 5 ਤੋਂ 20 ਸਾਲ ਤਕ ਦੀ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ।

ਮਿਲੀ ਰਿਪੋਰਟ ਮੁਤਾਬਕ ਪਾਕਿਸਤਾਨੀ ਪਰਵਾਰ ਪੀੜਤਾ ਨੂੰ ਕਈ ਵਾਰ ਥੱਪੜ ਮਾਰਦਾ, ਲੱਤਾਂ ਮਾਰਦਾ ਅਤੇ ਧੱਕੇ ਦਿੰਦਾ ਸੀ। ਇੱਥੋ ਤਕ ਕਿ ਉਸ ਨੂੰ ਕਈ ਵਾਰ ਲੱਕੜੀ ਦੇ ਬੋਰਡ ਨਾਲ ਵੀ ਕੁੱਟਿਆ ਸੀ। ਇੱਕ ਮੌਕੇਔਰਤ ਦੇ ਹੱਥ-ਪੈਰ ਬੰਨ੍ਹ ਕੇ ਉਸ ਨੂੰ ਪੌੜੀਆਂ ਤੋਂ ਹੇਠਾਂ ਘਸੀਟਿਆ ਗਿਆ। ਪਰਵਾਰ ਔਰਤ ਤੋਂ ਇੱਕ ਏਕੜ ਜ਼ਮੀਨਤੋਂ ਘਾਹ ਕਟਵਾਉਂਦਾ ਸੀ, ਦੋ ਮੰਜ਼ਿਲਾ ਘਰ ਦੇ ਅੰਦਰ-ਬਾਹਰ ਸਫ਼ਾਈ ਕਰਵਾਉਂਦਾ ਸੀ ਅਤੇ ਕਾਰ ਦੇ ਕਾਰਪੈਟ ਤੋਂ ਮਿੱਟੀ ਕਢਵਾਉਂਦਾ ਸੀ। ਇਸ ਪਰਵਾਰ ਉੱਤੇ ਔਰਤ ਤੋਂ ਆਪਣੇ ਘਰ ਦੇ ਸਾਹਮਣੇ ਕੰਕ੍ਰੀਟ ਦੇ ਇੱਕ ਵਾਕ-ਵੇਅ ਦਾ ਬਣਵਾਉਣ ਦਾ ਵੀ ਦੋਸ਼ ਹੈ, ਜਿਸ ਦੇ ਲਈ ਪੀੜਤਾ ਨੂੰ 80 ਪੌਂਡ ਭਾਰੇ ਸੀਮੈਂਟ ਦੇ ਬੋਰੇ ਢੋਣੇ ਪਏ।

# ਪਿੰਡ ਜੋਗਾ ਦੇ ਸਕੂਲ ਵਿਖੇ ਡੇਂਗੂ ਬੁਖਾਰ ਸਬੰਧੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ

ਜੋਗਾ, 16 ਮਈ (ਪੋਸਟ ਬਿਊਰੋ)- ਸਿਵਲ ਸਰਜਨ ਮਾਨਸਾ ਡਾ. ਰਣਜੀਤ ਰਾਏ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਐਸ.ਐਮ.ਓ. ਖਿਆਲਾ ਕਲਾਂ ਡਾ. ਹਰਚੰਦ ਸਿੰਘ ਦੀ ਰਹਿਨੁਮਾਈ ਹੇਠ ਕਾਮਰੇਡ ਜੰਗੀਰ ਸਿੰਘ ਜੋਗਾ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਜੋਗਾ ਵਿਖੇ ਵਿਸ਼ਵ ਡੇਂਗੂ ਜਾਗਰੂਕਤਾ ਦਿਵਸ ਸਬੰਧੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਿਹਤ ਇੰਸਪੈਕਟਰ ਜਗਦੀਸ਼ ਸਿੰਘ ਪੱਖੋ ਨੇ ਦੱਸਿਆ ਕਿ ਡੇਂਗੂ ਬੁਖਾਰ ਸਾਫ ਪਾਣੀ ‘ਤੇ ਪੈਦਾ ਹੋਣ ਵਾਲੇ ਇੱਕ ਖਾਸ ਕਿਸਮ ਦੇ ਮੱਛਰ (ਐਡੀਜ਼ ਅਜਿਪਟੀ) ਦੇ ਕੱਟਣ ਨਾਲ ਹੁੰਦਾ ਹੈ। ਤੇਜ਼ ਬੁਖਾਰ, ਤੇਜ਼ ਸਿਰ ਦਰਦ, ਉਲਟੀ ਹੋਣਾ ਤੇ ਹੱਡੀਆਂ ਵਿੱਚ ਅਕੜਾ ਡੇਂਗੂ ਬੁਖਾਰ ਦੇ ਲੱਛਣ ਹਨ। ਡੇਂਗੂ ਬੁਖਾਰ ਨੂੰ ਹੱਡੀ ਤੋੜ ਬੁਖਾਰ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਦੱਸਿਆ ਕਿ ਡੇਂਗੂ ਬੁਖਾਰ ਤੋਂ ਬਚਣ ਲਈ ਆਪਣੇ ਆਲੇਦੁਆਲੇ ਤੇ ਘਰਾਂ ਵਿੱਚ ਪਾਣੀ ਨਹੀਂ ਖੜ੍ਹਨ ਦੇਣਾ ਚਾਹੀਦਾ ਅਤੇ ਆਪਣੇ ਕੂਲਰ ਤੇ ਫਰਿਜ਼ ਵੀ ਸਾਫ ਰੱਖਣੇ ਚਾਹੀਦੇ ਹਨ। ਜੇਕਰ ਕਿਸੇ ਵਿਅਕਤੀ ਵਿੱਚ ਡੇਂਗੂ ਦੇ ਲੱਛਣ ਨਜ਼ਰ ਆਉਣ ਤਾਂ ਇਸ ਬੁਖਾਰ ਦਾ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਸਿਹਤ ਕਰਮਚਾਰੀ ਚਰਨਜੀਤ ਕੌਰ, ਕਰਮਜੀਤ ਕੌਰ, ਕੁਲਵਿੰਦਰ ਸਿੰਘ, ਸਕੂਲ ਮੁਖੀ ਪਰਵਿੰਦਰ ਸਿੰਘ, ਹੇਮਾ ਗੁਪਤਾ, ਸਰੋਜ ਰਾਣੀ, ਸ਼ਰਨਜੀਤ ਕੌਰ, ਰਜਿੰਦਰ ਕੌਰ, ਸੁਨੀਤਾ ਰਾਣੀ, ਪੂਜਾ ਰਾਣੀ, ਰਜਿੰਦਰ ਕੌਰ (ਕੰਪਿ.), ਮਨਦੀਪ ਕੌਰ, ਸੁਰਿੰਦਰ ਸਿੰਘ, ਹਰਪਾਲ ਸਿੰਘ ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।


ਸਰਕਾਰੀ ਸੈਕੰਡਰੀ ਸਕੂਲ (ਲੜਕੇ) ਜੋਗਾ ਵਿਖੇ ਡੇਂਗੂ ਸਬੰਧੀ ਜਾਗਰੂਕ ਕਰਦੇ ਹੋਏ ਸਿਹਤ ਇੰਸਪੈਕਟਰ ਜਗਦੀਸ਼ ਸਿੰਘ ਪੱਖੋ ਅਤੇ ਹਾਜ਼ਰ ਵਿਦਿਆਰਥੀ।

# ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦਾ ਗੰਨ ਕਲਚਰ ਤੇ ਗੈਂਗਸਟਰਾਂ ਬਾਰੇ ਗੀਤਾਂ ਉਪਰ ਸਖਤੀ ਕਰਨ ਦਾ ਬਿਆਨ ਸ਼ਲਾਘਾਯੋਗ ਪਰ...-ਇਪਟਾ

ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦਾ ਗੰਨ ਕਲਚਰ ਤੇ ਗੈਂਗਸਟਰਾਂ ਬਾਰੇ ਗੀਤਾਂ ਉਪਰ ਇਹ ਸਮਝ ਕੇ ਸਖਤੀ ਕਰਨ ਲਈ ਕਹਿਣਾ ਕਿ ਅਜਿਹੇ ਗੀਤਾਂ ਨਾਲ ਬੱਚੇ ਵਿਗੜ ਜਾਂਦੇ ਹਨ ਬੇਸ਼ਕ ਸਲਾਘਾਯੋਗ ਹੈ ਪਰ ਇਸ ਦੇ ਨਾਲ ਹੀ ਨਸ਼ਿਆਂ ਤੇ ਅਸ਼ਲੀਲਤਾ ਨੂੰ ਉਤਸ਼ਾਹਿਤ ਕਰਦੇ ਗੀਤਾਂ ਉਪਰ ਵੀ ਸਖਤੀ ਕਰਨ ਦੀ ਜ਼ਰੂਰਤ ਹੈ। ਕਿਉਂਕਿ ਜੇਕਰ ਗੰਨ ਕਲਚਰ ਤੇ ਗੈਂਗਸਟਰਾਂ ਬਾਰੇ ਗੀਤਾਂ ਨਾਲ ਬੱਚੇ ਵਿਗੜਦੇ ਹਨ ਤਾਂ ਨਸ਼ਿਆਂ ਤੇ ਅਸ਼ਲੀਲਤਾ ਨੂੰ ਉਤਸ਼ਾਹਿਤ ਕਰਦੇ ਗੀਤਾਂ ਨਾਲ ਸਮਾਜ ਖਾਸ ਕਰਕੇ ਨੌਜਵਾਨ ਵਰਗ ਨਸ਼ਿਆਂ ਦੀ ਵਰਤੋ ਕਰਨ ਅਤੇ ਔਰਤਾਂ ਪ੍ਰਤੀ ਜਿਸਮਾਨੀ ਅਪਰਾਧ ਵੱਲ ਵਧੇਰੇ ਰੁਚਿੱਤ ਹੁੰਦਾ ਹੈ।

ਇਹ ਵਿਚਾਰ ਪ੍ਰਗਟ ਕਰਦੇ ਇਪਟਾ ਦੇ ਸੂਬਾਈ ਪ੍ਰਧਾਨ ਸੰਜੀਵਨ ਸਿੰਘ ਅਤੇ ਜਨਰਲ ਸੱਕਤਰ ਇੰਦਰਜੀਤ ਰੂਪੋਵਾਲੀ ਨੇ ਕਿਹਾ ਕਿ ਸਭਿਆਚਾਰਕ ਪ੍ਰਦੂਸ਼ਣ ਇਸ ਗੰਭੀਰ ਅਤੇ ਸੰਵੇਦਨਸ਼ੀਲ ਮਸਲੇ ਬਾਰੇ ਵਿਸਥਾਰ ਨਾਲ ਚਰਚਾ ਕਰਨ ਲਈ ਇਪਟਾ ਦਾ ਵਫ਼ਦ ਵੀ ਮੁੱਖ ਮੰਤਰੀ ਸਾਹਿਬ ਨੂੰ ਮਿਲੇਗਾ। ਜ਼ਿਕਰਯੋਗ ਹੈ ਕਿ ਇਪਟਾ, ਪੰਜਾਬ ਨੇ ਉਕਤ ਗੰਭੀਰ ਮਸਲੇ ਬਾਰੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖੇ ਸਨ। ਉਨਾਂ ਨੇ ਸਭਿਆਚਾਰਕ ਪ੍ਰਦੂਸ਼ਣ ਵਰਗੇ ਗੰਭੀਰ ਮਸਲੇ ਨੂੰ ਅਹਿਮੀਅਤ ਦਿੰਦੇ ਸਕੱਤਰ, ਸੂਚਨਾਂ ਅਤੇ ਪ੍ਰਸਾਰਨ ਮੰਤਰਾਲੇ ਭਾਰਤ ਸਰਕਾਰ ਨੂੰ ਅਸ਼ਲੀਲਤਾ, ਹਿੰਸਾਂ ਅਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਦੀ ਗਾਇਕੀ ਸਨਨੂੰ ਸਕਤੀ ਨਾਲ ਰੋਕਣ ਲਈ ਕਾਨੂੰਨ ਅਨੁਸਾਰ ਅਗਲੇਰੀ ਜ਼ਰੂਰੀ ਕਾਰਵਾਈ ਕਰਨ ਅਤੇ ਸੈਂਸਰ ਬੋਰਡ ਦੀ ਸ਼ਾਖਾ ਪੰਜਾਬ ਵਿਚ ਖੋਲਣ ਦੀ ਲਿਖਤੀ ਬੇਨਤੀ ਕੀਤੀ ਸੀ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਪਟਾ, ਪੰਜਾਬ ਪਿਛਲੇ ਤਿੰਨ ਦਹਾਕਿਆਂ ਤੋਂ ਇਸ ਸੰਵੇਦਨਸ਼ੀਲ ਮਸਲੇ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਇਸ ਗੈਰ ਇਨਸਾਨੀ ਵਰਤਾਰੇ ਨੂੰ ਸਖਤੀ ਨਾਲ ਸਿੱਝਣ ਲਈ ਦੇਸ਼ ਦੇ ਮਾਨਯੋਗ ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ, ਸਬੰਧਤ ਮਹਿਕਮਿਆਂ ਦੇ ਮੰਤਰੀਆਂ, ਸੈਂਸਰ ਬੋਰਡ ਦੇ ਮੁੱਖੀਆਂ, ਮੈਂਬਰ ਪਾਰਲੀਮੈਂਟਾਂ ਤੇ ਦੇਸ਼ ਅਤੇ ਸੂਬੇ ਦੀਆਂ ਸਾਰੀ ਹਾਕਿਮ ਅਤੇ ਵਿਰੋਧੀ ਦੀਆਂ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੂੰ ਅਨੇਕਾਂ ਹੀ ਪੱਤਰ ਹੀ ਪੱਤਰ ਲਿਖ ਚੁੱਕੀ ਹੈ। ਪਰ ਸਵਰਗੀ ਮਾਨਯੋਗ ਸਾਬਕਾ ਰਾਸ਼ਟਰਪਤੀ ਅਬਦੁਲ ਕਲਾਮ, ਸਤਿਕਾਰਯੋਗ ਅੰਨਾ ਹਜ਼ਾਰੇ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀਆਂ ਤੋਂ ਇਲਾਵਾ ਕਿਸੇ ਨੇ ਵੀ ਇਸ ਗੰਭੀਰ ਮਸਲੇ ਬਾਰੇ ਹੁੰਗਾਰਾ ਨਹੀਂ ਭਰਿਆ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com





STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਨੋਆ

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal
Co-Host
Cell:416-587-5520
Email: iqbalmahal46@gmail.com
Iqbal Mahal
Producer & Host
Serving the South Asian Community Since 1976

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca


## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777


A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇਨਸਟ੍ਰਕਟਰ
647-998-7500 ਬਲਵਿੰਦਰ




# ਸਨਾਵਰ ਦੇ ਜੰਗਲ ਵਿਚ ਅੱਗ, ਈਕੋ ਕੈਂਪ ਚੰਦ ਮਿੰਟਾਂ ਵਿਚ ਸਵਾਹ

ਸੋਲਨ, 16 ਮਈ (ਪੋਸਟ ਬਿਊਰੋ)- ਸੋਲਨ ਜ਼ਿਲ੍ਹੇ ਦੇ ਧਰਮਪੁਰ ਨਾਲ ਲੱਗਦੇ ਸਨਾਵਰ ਦੇ ਜੰਗਲ ਵਿੱਚ ਭਿਆਨਕ ਅੱਗ ਲੱਗਣ ਨਾਲ ਉਥੇ ਈਕੋ ਕੈਂਪ ਚੰਦ ਮਿੰਟਾਂ ਵਿੱਚ ਸਵਾਹ ਹੋ ਗਿਆ।

ਕੈਂਪ ਦੇ ਮਾਲਕ ਅਤੇ ਉਪਪ੍ਰਧਾਨ ਨੇ ਦੱਸਿਆ ਕਿ ਕੈਂਪ ਅਤੇ ਕਾਟੇਜ, ਰਿਸੈਪਸ਼ਨ ਅਤੇ ਹੋਰ ਸਾਮਾਨ ਸਵਾਹ ਹੋ ਗਿਆ ਹੈ ਅਤੇ ਅੱਗ ਨਾਲ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ।

ਇਸੇ ਤਰ੍ਹਾਂ ਕਸੌਲੀ ਦੇ ਜੰਗਲਾਂ ਵਿੱਚ ਕੱਲ੍ਹ ਦੁਪਹਿਰ ਅੱਗ ਲੱਗਣ ਨਾਲ ਐਲਡ ਕਸੌਲੀ-ਪਰਵਾਣੂ ਰੋਡ ਦੇ ਨਾਲ ਦਾ ਜੰਗਲ ਸਵਾਹ ਹੋ ਗਿਆ। ਅੱਗ ਵੱਧਦੀ ਹੋਈ ਏਅਰਫੋਰਸ ਸਟੇਸ਼ਨ ਕਸੌਲੀ ਤਕ ਪਹੁੰਚ ਗਈ। ਜਾਣਕਾਰੀ ਮਿਲਦੇ ਹੀ ਜੰਗਲੀ ਖੇਤਰ ਕਸੌਲੀ, ਧਰਮਪੁਰ ਅਤੇ ਪਰਵਾਣੂ ਦੇ ਕਰਮਚਾਰੀ ਮੌਕੇ ਉੱਤੇ




ਪਹੁੰਚੇ ਅਤੇ ਅੱਗਬੁਝਾਉਣ ਦੇ ਯਤਨ ਸ਼ੁਰੂ ਕੀਤੇ।ਅੱਗ ਬੁਝਾਉਂਦੇ ਸਮੇਂ ਵਿਭਾਗ ਦੇ ਦੋ ਕਰਮਚਾਰੀ ਤੇ ਇੱਕ ਸਥਾਨਕ ਵਿਅਕਤੀ ਇਸ ਦੀ ਲਪੇਟ ਵਿੱਚ ਆ ਗਿਆ। ਜ਼ਖਮੀਆਂ ਨੂੰ ਮਿਲਟਰੀ ਹਸਪਤਾਲ ਪਹੁੰਚਾਇਆ ਗਿਆ ਤੇਫਿਰ ਮੈਕਸ ਹਸਪਤਾਲ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਹੈ। ਅੱਗ ਉੱਤੇ ਕਾਬੂ ਪਾਉਣ ਲਈ ਸੈਨਾ ਦੇ ਹੈਲੀਕਾਪਟਰ ਨਾਲ ਪਾਣੀ ਦੀ ਬੌਛਾੜ ਕੀਤੀ ਗਈ।







FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017